## 1:3-21

# ਮਸੀਹ ਦਾ ਸੱਚਾ ਗਿਆਨ

## ਜੀਵਨ ਅਤੇ ਭਗਤੀ ਨਾਲ ਵਾਸਤਾ ਰੱਖਣ ਵਾਲੀਆਂ ਗੱਲਾਂ (1:3-9)

**[3]ਜਦੋਂ ਉਹ ਦੀ ਈਸ਼ੁਰੀ ਸਮਰੱਥਾ ਨੇ ਸੱਭੋ ਕੁਝ ਜੋ ਜੀਵਨ ਅਤੇ ਭਗਤੀ ਨਾਲ ਵਾਸਤਾ
ਰੱਖਦਾ ਹੈ ਸਾਨੂੰ ਓਸੇ ਦੇ ਗਿਆਨ ਦੇ ਦੁਆਰਾ ਦਿੱਤਾ ਹੈ ਜਿਹ ਨੇ ਆਪਣੇ ਹੀ ਪਰਤਾਪ
ਅਤੇ ਗੁਣ ਨਾਲ ਸਾਨੂੰ ਸੱਦਿਆ। [4]ਜਿਨ੍ਹਾਂ ਦੇ ਰਾਹੀਂ ਉਹ ਨੇ ਸਾਨੂੰ ਅਮੋਲਕ ਅਤੇ ਵੱਡੇ ਵੱਡੇ
ਵਾਇਦੇ ਦਿੱਤੇ ਹਨ ਭਈ ਤੁਸੀਂ ਓਸ ਵਿਨਾਸ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਨ ਜਗਤ
ਵਿਚ ਹੈ ਉਨ੍ਹਾਂ ਦੇ ਦੁਆਰਾ ਈਸ਼ੁਰੀ ਸੁਭਾਉ ਵਿਚ ਸਾਂਝੀ ਹੋ ਜਾਓ। [5]ਸਗੋਂ ਇਸੇ ਕਾਰਨ
ਤੁਸੀਂ ਆਪਣੀ ਵੱਲੋਂ ਵੱਡਾ ਜਤਨ ਕਰ ਕੇ ਆਪਣੀ ਨਿਹਚਾ ਨਾਲ ਨੇਕੀ ਅਤੇ ਨੇਕੀ ਨਾਲ
ਗਿਆਨ। [6]ਅਤੇ ਗਿਆਨ ਨਾਲ ਸੰਜਮ ਅਤੇ ਸੰਜਮ ਨਾਲ ਧੀਰਜ ਅਤੇ ਧੀਰਜ ਨਾਲ
ਭਗਤੀ। [7]ਅਤੇ ਭਗਤੀ ਨਾਲ ਭਰੱਪਣ ਦਾ ਪ੍ਰੇਮ ਅਤੇ ਭਰੱਪਣ ਦੇ ਪ੍ਰੇਮ ਨਾਲ ਪ੍ਰੇਮ ਨੂੰ
ਵਧਾਈ ਜਾਓ। [8]ਕਿਉਂ ਜੋ ਏਹ ਗੁਣ ਜੇ ਤੁਹਾਡੇ ਵਿਚ ਹੋਣ ਅਤੇ ਵਧਦੇ ਜਾਣ ਤਾਂ ਓਹ
ਤੁਹਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਗਿਆਨ ਵਿਚ ਨਾ ਆਲਸੀ ਅਤੇ ਨਾ ਨਿਸਫਲ ਹੋਣ
ਦੇਣਗੇ। [9]ਪਰ ਜਿਹ ਦੇ ਵਿਚ ਏਹ ਗੁਣ ਨਹੀਂ ਉਹ ਅੰਨ੍ਹਾਂ ਹੈ ਅਤੇ ਉਹ ਨੂੰ ਮੋਟਾ ਵਿਖਾਈ
ਦਿੰਦਾ ਹੈ ਅਤੇ ਭੁੱਲ ਗਿਆ ਹੈ ਭਈ ਮੈਂ ਆਪਣੇ ਅਗਲੇ ਪਾਪਾਂ ਤੋਂ ਸ਼ੁੱਧ ਕੀਤਾ ਗਿਆ ਸਾਂ।**

ਪਤਰਸ ਨੇ ਝੂਠੇ ਗੁਰੂਆਂ ਦਾ ਸਾਹਮਣਾ ਕਰਨ ਦੇ ਟੀਚੇ ਨੂੰ ਗੰਭੀਰਤਾ ਨਾਲ ਲਿਆ। ਪਹਿਲਾਂ ਉਸ ਨੇ ਆਪਣੇ ਪਾਠਕਾਂ ਨੂੰ ਚੇਤੇ ਕਰਾਇਆ ਕਿ ਉਨ੍ਹਾਂ ਨੂੰ ਦਿੱਤਾ ਗਿਆ ਰਸੂਲੀ ਸੁਨੇਹਾ ਪੂਰੀ ਤਰ੍ਹਾਂ ਉਪਯੁਕਤ ਹੈ। ਉਨ੍ਹਾਂ ਨੂੰ ਪਰਮੇਸ਼ੁਰ ਦੇ ਨਾਲ ਜੀਵਨ ਮਿਲ ਗਿਆ ਸੀ; ਨਿਰੰਤਰ ਹੋਣ ਵਾਲੇ ਵਾਧੇ ਲਈ ਲੋੜੀਂਦੇ ਕਿਸੇ ਵੀ ਸ੍ਰੋਤ ਦੀ ਘਾਟ ਉਨ੍ਹਾਂ ਦੇ ਕੋਲ ਨਹੀਂ ਸੀ। ਝੂਠੇ ਗੁਰੂਆਂ ਦੀ ਸਫਲਤਾ ਇਸ ਵਿਚ ਸੀ ਕਿ ਉਹ ਮਸੀਹੀ ਲੋਕਾਂ ਨੂੰ ਇਸ ਗੱਲ ਲਈ ਰਾਜੀ ਕਰ ਲੈਣ ਕਿ ਉਹ ਉਨ੍ਹਾਂ ਨੂੰ ਹੋਰ ਵੀ ਕੁਝ ਦੇ ਸਕਦੇ ਸਨ: ਅਤੇ ਉਹ ਇਹ ਸੀ ਕਿ ਉਨ੍ਹਾਂ ਦਾ ਗਿਆਨ ਰਸੂਲਾਂ ਨਾਲੋਂ ਬਿਹਤਰ ਸੀ। ਪਤਰਸ ਨੇ ਇਸ ਸਭ ਨੂੰ ਰੱਦਿਆ। ਉਸ ਨੇ ਆਪਣੀ ਕਲਮ ਦੇ ਅਰੰਭਕ ਸ਼ਬਦਾਂ ਨਾਲ ਹੀ ਇਨ੍ਹਾਂ ਝੂਠੇ ਗੁਰੂਆਂ ਉੱਤੇ ਹਮਲਾ ਕਰ ਦਿੱਤਾ। ਮਸੀਹ ਦੇ ਸੁਨੇਹੇ ਨੂੰ ਸਕਾਰਾਤਮਕ ਰੀਤੀ ਨਾਲ ਪੇਸ਼ ਕਰਨ ਲਈ ਗਲਤ ਸਿੱਖਿਆ ਦੀ ਸਾਰੀ ਜਟਿਲਤਾ ਨੂੰ ਜਾਣਨ ਦੀ ਲੋੜ ਨਹੀਂ ਹੈ। ਉਸ ਦੇ ਅਰੰਭਕ ਸ਼ਬਦ ਹੀ ਨਿਸ਼ਚਿਤਤਾ ਨਾਲ ਭਰੇ ਹੋਏ ਹਨ।

**ਆਇਤ 3.** NASB ਇਸ ਆਇਤ ਨੂੰ ਆਇਤ 2 ਵਿਚ ਸ਼ੁਰੂ ਹੋਏ ਵਿਚਾਰ ਦਾ ਬਾਕੀ ਹਿੱਸਾ ਮੰਨਦੀ ਹੈ। ਬਾਕੀ ਦੇ ਅਨੁਵਾਦ, ਜਿਵੇਂ ਕਿ NRSV, ਇਹ ਸੋਚ ਕੇ ਕਿ ਆਇਤ 5

ਵਿਚ ਦਿੱਤੀ ਗਈ ਤਾਗੀਦ ਦਾ ਅਰੰਭ ਇਨ੍ਹਾਂ ਸ਼ਬਦਾਂ ਦੇ ਨਾਲ ਹੁੰਦਾ ਹੈ, ਇੱਥੇ ਇੱਕ ਨਵੇਂ ਪੈਰੇ ਦਾ ਅਰੰਭ ਕਰਦੇ ਹਨ। ਇਸ ਨੂੰ ਜਿਵੇਂ ਵੀ ਲਿਆ ਜਾਵੇ, ਇਸ ਵਾਕ ਦੀ ਵਿਆਕਰਣ ਥੋੜੀ ਅਜੀਬ ਹੈ; ਪਰ ਫਿਰ ਵੀ, NASB ਵਿਚ ਇਸ ਨੂੰ ਪੜ੍ਹਨਾ ਸੌਖਾ ਹੈ। ਆਇਤ 3 ਪਿਛਲੀ ਆਇਤ ਵਿਚ ਦਿੱਤੇ ਗਏ ਵਿਚਾਰ ਨੂੰ ਅੱਗੇ ਤੋਰਦੀ ਹੈ। ਪਤਰਸ ਨੇ ਨਿਸ਼ਚਿਤ ਕੀਤਾ ਕਿ [ਪਰਮੇਸ਼ੁਰ] **ਦਾ ਗਿਆਨ**, ਕੋਈ ਕਾਲਪਨਿਕ ਧਾਰਨਾ ਨਹੀਂ ਹੈ। ਇਹ ਗਿਆਨ ਉਹ ਜ਼ਰੀਆ ਹੈ ਜਿਸ ਦੇ ਰਾਹੀਂ **ਉਹ ਦੀ ਈਸ਼ੁਰੀ ਸਮਰੱਥਾ** ਪ੍ਰਭਾਵਸ਼ਾਲੀ ਹੁੰਦੀ ਹੈ। “ਗਿਆਨ” ਅਤੇ “ਸਮਰੱਥਾ” ਜੋੜੀਆਂ ਧਾਰਨਾਵਾਂ ਹਨ। ਅਜਿਹਾ ਇਸ ਕਰਕੇ ਸੀ ਕਿਉਂਕਿ ਇਸ ਪੱਤਰ ਦੇ ਪਾਠਕਾਂ ਨੇ “[ਪਰਮੇਸ਼ੁਰ] ਦਾ ਗਿਆਨ” ਪ੍ਰਾਪਤ ਕਰ ਲਿਆ ਸੀ, ਹੁਣ ਉਹ “ਉਸ ਦੀ ਈਸ਼ੁਰੀ ਸਮਰੱਥਾ” ਨੂੰ ਜਾਣ ਗਏ ਸਨ। ਬਦਲੇ ਵਿਚ “ਈਸ਼ੁਰੀ ਸਮਰੱਥਾ” ਨੇ ਇਨ੍ਹਾਂ ਮਸੀਹੀ ਲੋਕਾਂ ਨੂੰ ਉਹ **ਸੱਭੋ ਕੁਝ ਜੋ ਜੀਵਨ ਅਤੇ ਭਗਤੀ ਨਾਲ ਵਾਸਤਾ ਰੱਖਦਾ ਹੈ** ਦੇ ਦਿੱਤਾ ਸੀ। “ਗਿਆਨ” ਸ਼ਬਦ 2 ਅਤੇ 3 ਆਇਤਾਂ ਨੂੰ ਆਪਸ ਵਿਚ ਜੋੜਦਾ ਹੈ। ਪਤਰਸ ਅਤੇ ਬਾਕੀ ਦੇ ਰਸੂਲ ਜਿਹੜਾ “ਗਿਆਨ” ਲਿਆਏ ਸਨ, ਉਸ ਵਿਚ ਕੋਈ ਘਾਟ ਨਹੀਂ ਸੀ।

ਅਜਿਹਾ ਜਾਪਦਾ ਹੈ ਕਿ 2:1 ਵਿਚ ਪਤਰਸ ਨੇ ਜਿਨ੍ਹਾਂ ਝੂਠੇ ਨਬੀਆਂ ਦੀ ਗੱਲ ਕੀਤੀ ਸੀ, ਉਹ ਦਾਅਵਾ ਕਰ ਰਹੇ ਸਨ ਕਿ ਉਨ੍ਹਾਂ ਦੇ ਕੋਲ ਅਜਿਹਾ ਗਿਆਨ ਸੀ ਜਿਹੜਾ ਉਨ੍ਹਾਂ ਦੇ ਪਹਿਲੇ ਉਪਦੇਸ਼ਕਾਂ ਦੇ ਕੋਲ ਨਹੀਂ ਸੀ। ਉਹ ਦਾਅਵਾ ਕਰ ਰਹੇ ਸਨ ਕਿ ਉਨ੍ਹਾਂ ਦਾ ਗਿਆਨ ਪਤਰਸ ਅਤੇ ਬਾਕੀ ਰਸੂਲਾਂ ਨਾਲੋਂ ਬਿਹਤਰ ਸੀ। ਪਤਰਸ ਨੇ ਗਿਆਨ ਦੇ ਮਹੱਤਵ ਨੂੰ ਘਟਾਇਆ ਨਹੀਂ। ਉਸ ਦਾ ਦਾਅਵਾ ਇਹ ਸੀ ਕਿ ਰਸੂਲੀ ਸੁਨੇਹਾ ਗਿਆਨ ਦਾ ਸੋਮਾ ਸੀ। ਰਸੂਲ ਦੇ ਸ਼ਬਦਾਂ ਵਿਚ ਉਸ ਜ਼ਬੂਰਕਾਰ ਦੇ ਵਿਸ਼ਵਾਸ ਦੀ ਗੂੰਜ ਸੁਣਾਈ ਦੇ ਰਹੀ ਸੀ ਜਿਸ ਨੇ ਇਹ ਲਿਖਿਆ, “ਮੈਂ ਇਹ ਜਾਣਦਾ ਹਾਂ ਭਈ ਪਰਮੇਸ਼ੁਰ ਮੇਰੀ ਵੱਲ ਹੈ” (ਜ਼ਬੂਰ 56:9)। ਪਰਮੇਸ਼ੁਰ ਦਾ ਉਦੇਸ਼ ਤਦ ਪੂਰਾ ਹੁੰਦਾ ਜਾਵੇਗਾ, ਜਦ ਉਸ ਦੇ ਲੋਕ ਉਸ ਗਿਆਨ ਦੀਆਂ ਸੀਮਾਵਾਂ ਵਿਚ ਰਹਿਣਗੇ, ਜਿਹੜਾ ਪਰਮੇਸ਼ੁਰ ਨੇ ਪਰਗਟ ਕੀਤਾ ਹੈ। “ਮੈਂ ਸੱਚ ਜਾਣਦਾ ਹਾਂ ਜੋ ਭਲਾ ਓਹਨਾਂ ਦਾ ਹੀ ਹੋਵੇਗਾ ਜੋ ਪਰਮੇਸ਼ੁਰ ਤੋਂ ਡਰਦੇ ਹਨ ਅਰ ਉਹ ਦਾ ਭੈ ਮੰਨਦੇ ਹਨ” (ਉਪਦੇਸ਼ਕ 8:12)।

“ਈਸ਼ੁਰੀ ਸਮਰੱਥਾ” ਇਨ੍ਹਾਂ ਮਸੀਹੀ ਲੋਕਾਂ ਦੇ ਲਈ ਦੋ ਤਰ੍ਹਾਂ ਨਾਲ ਪਰਗਟ ਹੋਈ ਸੀ। ਪਹਿਲਾ, ਉਨ੍ਹਾਂ ਨੂੰ “ਜੀਵਨ” ਮਿਲ ਗਿਆ ਸੀ। “ਜੀਵਨ” ਉਨ੍ਹਾਂ ਆਤਮਕ, ਅਦ੍ਰਿਸ਼ ਨਫ਼ਿਆਂ ਦੀ ਗੱਲ ਕਰਦਾ ਹੈ, ਜਿਹੜੇ ਮਸੀਹੀ ਲੋਕਾਂ ਨੂੰ ਪ੍ਰਾਪਤ ਹੋਏ ਹਨ, ਜਿਨ੍ਹਾਂ ਵਿਚ ਪਾਪਾਂ ਦੀ ਖਿਮਾ, ਸਦੀਪਕ ਜੀਵਨ ਦੀ ਆਸ, ਪਰਮੇਸ਼ੁਰ ਦੇ ਨਾਲ ਮੇਲ ਅਤੇ ਆਤਮਾ ਦੀ ਸ਼ਾਂਤੀ ਸ਼ਾਮਲ ਹੈ। ਦੂਜਾ, “ਜੀਵਨ” ਦੇ ਨਾਲ ਮਸੀਹੀ ਜੀਵਨ ਦਾ ਨੈਤਿਕ ਹੁਕਮ ਜੁੜਿਆ ਹੋਇਆ ਹੈ। “ਈਸ਼ੁਰੀ ਸਮਰੱਥਾ” ਵਿੱਚੋਂ ਪਵਿੱਤਰ ਜੀਵਨ ਨਿਕਲਦਾ ਹੈ, ਜਿਸ ਦੇ ਨਤੀਜੇ ਵਜੋਂ “ਭਗਤੀ” ਪੈਦਾ ਹੁੰਦੀ ਹੈ। ਸੰਪੂਰਨ ਸੁਨੇਹੇ ਵਿਚ, ਪਤਰਸ ਦੇ ਪਾਠਕਾਂ ਨੂੰ ਆਤਮਕ ਅਸੀਸਾਂ ਮਿਲੀਆਂ ਸਨ ਜਿਸ ਦੇ ਨਤੀਜੇ ਵਜੋਂ ਉਹ ਪਰਮੇਸ਼ੁਰ ਦੇ ਨਾਲ ਚੱਲ ਰਹੇ ਸਨ। ਇਸ ਦੇ ਨਾਲ ਹੀ, ਉਨ੍ਹਾਂ ਨੇ ਸਿੱਖ ਲਿਆ ਸੀ ਕਿ ਭਗਤੀਪੂਰਨ ਜੀਵਨ ਕਿਵੇਂ ਬਤੀਤ ਕਰਨਾ ਹੈ, ਜਿਸ ਤੋਂ ਪਰਮੇਸ਼ੁਰ ਦੀ ਖੁਦਮੁਖਤਿਆਰੀ ਦੀ ਮੁਨਾਦੀ ਹੋਵੇ। ਸਭਨਾਂ ਆਤਮਕ ਜ਼ਰੂਰਤਾਂ ਦੀ ਪੂਰਤੀ ਲਈ ਰਸੂਲੀ ਸੁਨੇਹੇ ਦੀ ਸੰਪੂਰਨਤਾ ਇੱਕੀਵੀਂ ਸਦੀ ਵਿਚ ਵੀ ਓਨੀ ਹੀ ਪਰਤੱਖ ਹੈ ਜਿੰਨੀ ਉਸ ਵੇਲੇ ਸੀ। ਪਰਮੇਸ਼ੁਰ ਦੇ ਸੰਪੂਰਨ ਪ੍ਰਯੋਜਨ ਅਤੇ ਆਤਮਾ ਦੀ ਪ੍ਰੇਰਣਾ ਵਿਚ ਮਸੀਹੀ ਲੋਕਾਂ ਨੂੰ ਨਵੇਂ ਨੇਮ ਵਿਚ ਰਸੂਲੀ ਸੁਨੇਹਾ ਮਿਲਿਆ ਹੈ।

ਰਸੂਲੀ ਸੁਨੇਹੇ ਨੂੰ ਸੁਣ ਕੇ ਇਨ੍ਹਾਂ ਮਸੀਹੀ ਲੋਕਾਂ ਨੇ ਸਿੱਖ ਲਿਆ ਸੀ ਕਿ ਉਨ੍ਹਾਂ ਨੂੰ ਜਿੰਨੀਆਂ ਵੀ ਅਸੀਸਾਂ ਮਿਲੀਆਂ ਸਨ ਉਹ ਪਰਮੇਸ਼ੁਰ ਦੀ ਪਹਿਲ ਨਾਲ ਹੀ ਆਈਆਂ ਸਨ। ਉਹ ਹੀ ਹੈ ਜਿਸ ਨੇ **ਸਾਨੂੰ ਸੱਦਿਆ**, ਅਸੀਂ ਉਸ ਨੂੰ ਨਹੀਂ ਸੱਦਿਆ ਹੈ। ਪਰਮੇਸ਼ੁਰ ਨੂੰ ਤਦ ਮਹਿਮਾ ਮਿਲਦੀ ਹੈ ਜਦ ਉਸ ਦੇ ਮਕਸਦ ਉਸ ਦੀ ਸਰਿਸ਼ਟ ਦੇ ਜੀਵਨਾਂ ਵਿਚ ਪੂਰੇ ਹੋ ਜਾਂਦੇ ਸਨ; ਇਸ ਤਰ੍ਹਾਂ ਪਰਮੇਸ਼ੁਰ ਦਾ ਸੱਦਾ ਉਸ ਦੇ **ਆਪਣੇ ਹੀ ਪਰਤਾਪ ਅਤੇ ਗੁਣ ਨਾਲ** ਅਤੇ ਲਈ ਹੋਇਆ ਹੈ। "ਪਰਤਾਪ" ਸ਼ਬਦ ਮਸੀਹ ਦੇ ਪਹਾੜ ਉੱਤੇ ਹੋਏ ਉਸ ਰੂਪ ਜਲਾਲੀ ਹੋਣ ਵੱਲ ਵੀ ਇਸ਼ਾਰਾ ਕਰਦਾ ਹੈ ਜਿਸ ਦੀ ਗੱਲ ਪਤਰਸ ਨੇ 1:17 ਵਿਚ ਕੀਤੀ। ਜਿਸ ਸ਼ਬਦ ਦਾ ਅਨੁਵਾਦ "ਗੁਣ" (ἀρετή, *ਆਰੇਟੇ*) ਕੀਤਾ ਗਿਆ ਹੈ, ਉਹ ਯੂਨਾਨੀ ਭਾਸ਼ਾ ਬੋਲਣ ਵਾਲੇ ਲੋਕਾਂ ਵਿਚ ਆਮ ਹੀ ਵਰਤਿਆ ਜਾਂਦਾ ਸੀ, ਪਰ ਨਵੇਂ ਨੇਮ ਵਿਚ ਇਹ ਕੇਵਲ ਪੰਜ ਵਾਰੀ ਹੀ ਮਿਲਦਾ ਹੈ। ਉਨ੍ਹਾਂ ਵਿੱਚੋਂ ਤਿੰਨ ਇਸੇ ਸੰਦਰਭ ਵਿਚ ਇਸਤੇਮਾਲ ਕੀਤੇ ਗਏ ਹਨ, ਇੱਕ ਵਾਰੀ ਇੱਥੇ ਅਤੇ ਦੋ ਵਾਰੀ 1:5 ਵਿਚ। ਬਾਕੀ ਦੇ ਦੋ ਹਵਾਲੇ 1 ਪਤਰਸ 2:9 ਅਤੇ ਫ਼ਿਲਿੱਪੀਆਂ 4:8 ਵਿਚ ਮਿਲਦੇ ਹਨ। ਇਹ ਸ਼ਬਦ ਚਰਿੱਤਰ ਵਿਚ ਨੇਕੀ ਅਤੇ ਇਮਾਨਦਾਰੀ ਵੱਲ ਸੰਕੇਤ ਕਰਦਾ ਹੈ। ਆਪਣਾ ਨਾਮ ਲੋਕਾਂ ਵਿਚ ਰੱਖਣ ਲਈ ਪਰਮੇਸ਼ੁਰ ਵੱਲੋਂ ਦਿੱਤੇ ਗਏ ਸੱਦੇ ਵਿਚ ਪਰਮੇਸ਼ੁਰ ਦੀ ਆਪਣੀ ਭਲਿਆਈ, ਇਨਸਾਫ ਅਤੇ ਦਿਆਲਗੀ ਅਸਲ ਰੂਪ ਲੈ ਲੈਂਦੇ ਹਨ।

**ਆਇਤ 4.** ਪਤਰਸ ਨੇ ਨਿਸ਼ਚਿਤ ਕੀਤਾ ਕਿ ਪਰਮੇਸ਼ੁਰ ਨੇ "ਆਪਣੇ ਪਰਤਾਪ ਅਤੇ ਗੁਣ" ਨੂੰ ਦ੍ਰਿੜ੍ਹ ਕਰਨ ਦੀ ਪ੍ਰਕਿਰਿਆ ਵਿਚ **ਸਾਨੂੰ ਅਮੋਲਕ ਅਤੇ ਵੱਡੇ ਵੱਡੇ ਵਾਇਦੇ ਦਿੱਤੇ ਹਨ**। ਇਹ ਸਪੱਸ਼ਟ ਨਹੀਂ ਹੈ ਕਿ ਪਤਰਸ ਦੇ ਮਨ ਵਿਚ ਕਿਹੜੇ "ਵਾਇਦੇ" ਸਨ। ਸ਼ਾਇਦ ਉਹ ਉਨ੍ਹਾਂ "ਵਾਇਦਿਆਂ" ਦੀ ਗੱਲ ਕਰ ਰਿਹਾ ਸੀ ਜਿਹੜੇ ਪੁਰਾਣੇ ਨੇਮ ਵਿਚ ਦਿੱਤੇ ਗਏ ਸਨ। ਪਰਮੇਸ਼ੁਰ ਨੇ ਨੂਹ, ਅਬਰਾਹਾਮ, ਮੂਸਾ, ਦਾਊਦ, ਯਸਾਯਾਹ ਅਤੇ ਹੋਰਨਾਂ ਨਬੀਆਂ ਦੇ ਰਾਹੀਂ ਵਾਇਦੇ ਕੀਤੇ ਸਨ। ਯੁੱਧ ਅਤੇ ਗੁਲਾਮੀ ਦੇ ਸਮੇਂ ਪਰਮੇਸ਼ੁਰ ਦੇ ਵਾਇਦਿਆਂ ਨੇ ਇਸਰਾਏਲ ਨੂੰ ਸਹਾਰਾ ਦਿੱਤਾ ਸੀ ਅਤੇ ਲੋਕਾਂ ਨੂੰ ਆਸ ਦਿੱਤੀ ਸੀ। ਸ਼ਾਇਦ ਪਤਰਸ ਆਪਣੇ ਪਾਠਕਾਂ ਨੂੰ ਚੇਤੇ ਕਰਾ ਰਿਹਾ ਸੀ ਕਿ ਉਹ "ਵਾਇਦੇ" ਹੁਣ ਉਨ੍ਹਾਂ ਦੇ ਲਾਭ ਲਈ ਪੂਰੇ ਹੋ ਗਏ ਹਨ। ਪਰਮੇਸ਼ੁਰ ਨੇ ਮਨੁੱਖਜਾਤੀ ਨੂੰ "ਵਾਇਦੇ" ਤਦ "ਦਿੱਤੇ" ਜਦ ਮਸੀਹ ਸੰਸਾਰ ਵਿਚ ਆਇਆ।

ਦੂਜੀ ਸੰਭਾਵਨਾ ਇਹ ਹੈ ਕਿ ਇਹ "ਵਾਇਦੇ" ਉਹ ਹਨ ਜਿਹੜੇ ਮਸੀਹ ਨੇ ਆਪਣੇ ਚੇਲਿਆਂ ਦੇ ਨਾਲ ਕੀਤੇ ਸਨ। ਇਸੇ ਕਰਕੇ ਮਸੀਹੀ ਲੋਕ ਪ੍ਰਭੂ ਦੀ ਵਾਪਸੀ, ਕੁਧਰਮੀਆਂ ਦੇ ਨਿਆਉਂ ਅਤੇ ਇੱਕ ਨਵੇਂ ਸਵਰਗ ਅਤੇ ਨਵੀਂ ਧਰਤੀ ਦੀ ਉਡੀਕ ਕਰ ਰਹੇ ਹਨ। ਕਿਉਂਜੋ ਬਾਅਦ ਵਾਲਾ ਵਾਕ ਆਖਦਾ ਹੈ ਕਿ ਵਾਇਦੇ ਦਿੱਤੇ ਜਾਣ ਦੇ ਕਾਰਨ ਉਹ ਲੋਕ "ਈਸ਼ੁਰੀ ਸੁਭਾਉ ਵਿਚ ਸਾਂਝੀ" ਹੋ ਗਏ ਸਨ, ਇਸ ਕਰਕੇ ਇਹ ਆਖਣਾ ਢੁਕਵਾਂ ਜਾਪਦਾ ਹੈ ਕਿ ਇਹ ਵਾਇਦੇ ਉਹ ਸਨ ਜਿਹੜੇ ਪੂਰੇ ਪੁਰਾਣੇ ਨੇਮ ਵਿਚ ਦਿੱਤੇ ਗਏ ਸਨ।

ਵਾਇਦੇ ਦਿੱਤੇ ਜਾਣ, ਯਿਸੂ ਦੇ ਵਿਚ ਉਨ੍ਹਾਂ ਵਾਇਦਿਆਂ ਦਾ ਪੂਰਾ ਹੋਣ, ਨੇ ਪਤਰਸ ਦੇ ਪਾਠਕਾਂ ਦੇ ਲਈ ਇਹ ਸੌਖਾ ਕਰ ਦਿੱਤਾ ਸੀ ਕਿ ਉਹ **ਈਸ਼ੁਰੀ ਸੁਭਾਉ ਵਿਚ ਸਾਂਝੀ ਹੋ** ਜਾਣ। ਰਸੂਲ ਦਾ ਸਪੱਸ਼ਟ ਤੌਰ 'ਤੇ ਅਰਥ ਇਹ ਸੀ ਕਿ ਮਸੀਹੀ ਹੋਣ ਦਾ ਭਾਵ ਪਰਮੇਸ਼ੁਰ ਦੇ "ਆਪਣੇ ਪਰਤਾਪ ਅਤੇ ਗੁਣ" ਵਿਚ ਸਾਂਝੀ ਹੋਣਾ ਹੈ। ਵਿਸ਼ਵਾਸੀ ਪਰਮੇਸ਼ੁਰ ਦੇ ਸੁਭਾਓ ਵਿਚ ਸਾਂਝੀ ਕਿਵੇਂ ਹੁੰਦੇ ਹਨ? ਇਸ ਦੀਆਂ ਕਈ ਸੰਭਾਵਨਾਵਾਂ ਹਨ।

1. ਸ਼ਾਇਦ ਪਤਰਸ ਸਿਰਫ਼ ਐਨਾ ਹੀ ਆਖਣਾ ਚਾਹੁੰਦਾ ਸੀ ਕਿ ਮਨੁੱਖ ਹੋਣ ਦਾ ਅਰਥ ਈਸ਼ੁਰੀ ਸੁਭਾਉ ਵਿਚ ਸਾਂਝੀ ਹੋਣਾ ਹੈ। ਸ਼ਾਇਦ ਉਹ ਆਪਣੇ ਪਾਠਕਾਂ ਅੱਗੇ ਅਪੀਲ ਕਰਦਾ ਆ ਰਿਹਾ ਸੀ, ਬੇਨਤੀ ਕਰਦਾ ਆ ਰਿਹਾ ਸੀ ਕਿ ਉਹ ਆਪਣੇ ਜੀਵਨ ਦੇ ਰਾਹੀਂ ਉਹ ਦਰਸਾਉਣ ਜਿਸ ਦੇ ਲਈ ਉਹ ਸਿਰਜੇ ਗਏ ਹਨ। ਪਰਮੇਸ਼ੁਰ ਨੇ ਉਨ੍ਹਾਂ ਨੂੰ ਆਪਣੇ ਭਾਈਵਾਲ ਬਣਾਇਆ ਸੀ। ਉਨ੍ਹਾਂ ਨੂੰ ਇਸ ਤਰ੍ਹਾਂ ਦਾ ਵਿਹਾਰ ਕਰਨਾ ਚਾਹੀਦਾ ਸੀ ਜਿਸ ਤਰ੍ਹਾਂ ਦਾ ਪਰਮੇਸ਼ੁਰ ਦੇ ਭਾਈਵਾਲਾਂ ਨੂੰ ਯੋਗ ਹੈ।

2. ਰਸੂਲ ਸ਼ਾਇਦ ਮਸੀਹੀ ਲੋਕਾਂ ਨੂੰ ਚੇਤੇ ਕਰਾਉਂਦਾ ਆ ਰਿਹਾ ਸੀ ਕਿ ਜਦ ਉਨ੍ਹਾਂ ਨੇ ਨਵਾਂ ਜਨਮ ਪ੍ਰਾਪਤ ਕੀਤਾ ਸੀ—ਅਰਥਾਤ, ਜਦ ਉਨ੍ਹਾਂ ਨੇ ਪਾਪਾਂ ਦੀ ਮਾਫੀ ਲਈ ਬਪਤਿਸਮਾ ਲੈ ਕੇ ਮਸੀਹ ਨੂੰ ਪਹਿਨਿਆ ਸੀ ਅਤੇ ਪਵਿੱਤਰ ਆਤਮਾ ਦੀ ਦਾਤ ਪ੍ਰਾਪਤ ਕੀਤੀ ਸੀ (ਰਸੂਲਾਂ 2:38)—ਉਹ ਪਰਮੇਸ਼ੁਰ ਦੇ ਭਾਈਵਾਲ ਬਣ ਗਏ ਸਨ ਅਤੇ ਉਸ ਦੇ ਸੁਭਾਉ ਦੇ ਵਿਚ ਸਾਂਝੀ ਹੋ ਗਏ ਸਨ।

3. ਇਸ ਦਾ ਭਾਵ ਪੌਲੁਸ ਦੇ ਇਸ ਕਥਨ ਦੇ ਨੇੜੇ ਵੀ ਹੋ ਸਕਦਾ ਹੈ ਕਿ ਵਿਸ਼ਵਾਸੀਆਂ ਦਾ ਸੁਭਾਉ ਮਸੀਹ ਵਰਗਾ ਹੋਵੇ (ਫ਼ਿਲਿੱਪੀਆਂ 2:5)। ਜੇਕਰ ਇਹ ਸਹੀ ਹੈ, ਤਾਂ "ਈਸ਼ੁਰੀ ਸੁਭਾਉ" ਦੇ ਸਾਂਝੀ ਹੋਣ ਦਾ ਅਰਥ ਹੈ ਪ੍ਰਭੂ ਦੇ ਵਿਹਾਰ ਅਤੇ ਵਿਚਾਰਾਂ ਨੂੰ ਧਾਰਨ ਕਰ ਲੈਣਾ। ਯੂਹੰਨਾ ਨੇ ਅਜਿਹਾ ਹੀ ਕੁਝ ਆਖਿਆ ਸੀ ਜਦ ਉਸ ਨੇ ਇਹ ਨਿਸ਼ਚਿਤ ਕੀਤਾ ਕਿ ਮਸੀਹ ਦੇ ਦੁਆਰਾ ਸਾਰੇ ਵਿਸ਼ਵਾਸੀ ਪਰਮੇਸ਼ੁਰ ਦੀ ਸੰਤਾਨ ਬਣ ਗਏ ਹਨ (ਯੂਹੰਨਾ 1:12)।

4. ਇੱਕ ਹੋਰ ਸੰਭਾਵਨਾ ਇਹ ਹੈ ਕਿ ਪਤਰਸ ਭਵਿੱਖ ਬਾਰੇ ਗੱਲ ਕਰ ਰਿਹਾ ਸੀ, ਆਪਣੇ ਪਾਠਕਾਂ ਨੂੰ ਚੇਤੇ ਕਰਾ ਰਿਹਾ ਸੀ ਕਿ ਜਦ ਪ੍ਰਭੂ ਵਾਪਸ ਆਵੇਗਾ ਤਦ ਉਹ ਉਸ ਦੇ ਨਾਲ ਉਸ ਦੇ ਸਵਰਗੀ ਪਰਤਾਪ ਦੇ ਵਿਚ ਇੱਕ ਹੋ ਜਾਣਗੇ। ਤਦ ਉਹ "ਈਸ਼ੁਰੀ ਸੁਭਾਉ" ਦੇ ਵਿਚ ਸਾਂਝੀ ਹੋਣਗੇ।

ਹਾਲਾਂਕਿ ਇਨ੍ਹਾਂ ਸਾਰੀਆਂ ਸੰਭਾਵਨਾਵਾਂ ਵਿਚ ਦਿਲਚਸਪ ਗੱਲਾਂ ਹਨ, ਪਰ ਫਿਰ ਵੀ ਅਗਲੀਆਂ ਆਇਤਾਂ ਵਿਚ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪਤਰਸ ਦੇ ਲਈ "ਈਸ਼ੁਰੀ ਸੁਭਾਉ" ਵਿਚ ਸਾਂਝੀ ਹੋਣ ਦੇ ਮਹੱਤਵਪੂਰਨ ਨੈਤਿਕ ਨਤੀਜੇ ਨਿਕਲਦੇ ਹਨ। ਇਸ ਤੋਂ ਇਲਾਵਾ, ਉਸ ਨੇ ਅਜੇ ਹੁਣੇ ਹੀ ਪਰਮੇਸ਼ੁਰ ਦੀ ਸਮਰੱਥਾ ਦਾ ਜ਼ਿਕਰ ਕੀਤਾ ਸੀ, ਜਿਹੜੀ ਜੀਵਨ ਅਤੇ ਭਗਤੀ ਦਿੰਦੀ ਹੈ। ਇਨ੍ਹਾਂ ਕਾਰਨਾਂ ਕਰਕੇ, ਇਹ ਸੰਭਵ ਹੈ ਕਿ "ਈਸ਼ੁਰੀ ਸੁਭਾਉ" ਦੇ ਵਿਚ ਸਾਂਝੀ ਹੋਣਾ ਉੱਪਰ ਲਿਖੇ ਗਏ ਦੂਜੇ ਨੰਬਰ ਦੇ ਨਾਲ ਮੇਲ ਖਾਂਦਾ ਹੈ। ਇਸ ਦਾ ਅਰਥ ਨਵੇਂ ਜਨਮ ਦਾ ਅਨੁਭਵ ਕਰਨਾ ਹੈ। ਅਜਿਹਾ ਜਾਪਦਾ ਹੈ ਕਿ ਜਦ ਉਹ ਆਪਣੇ ਪਾਠਕਾਂ ਨੂੰ "ਈਸ਼ੁਰੀ ਸੁਭਾਉ" ਵਿਚ ਸਾਂਝੀ ਹੋਣ ਬਾਰੇ ਚੇਤੇ ਕਰਾ ਰਿਹਾ ਸੀ ਤਾਂ ਉਨ੍ਹਾਂ ਦੇ ਨਵੇਂ ਜਨਮ ਵੱਲ ਇਸ਼ਾਰਾ ਕਰ ਰਿਹਾ ਸੀ।

"ਈਸ਼ੁਰੀ ਸੁਭਾਉ" ਜਿਹੇ ਸ਼ਬਦ ਯੂਨਾਨੀ ਵਿਚਾਰਧਾਰਾ ਤੋਂ ਉਧਾਰ ਲਏ ਗਏ ਜਾਪਦੇ ਹਨ। ਗਿਆਨੀ ਲੋਕ ਮਨੁੱਖੀ ਜੀਵਨ ਦੇ ਉਸ ਵਿਨਾਸ ਬਾਰੇ, ਜਿਸ ਤੋਂ ਬਚਿਆ ਨਹੀਂ ਜਾ ਸਕਦਾ, ਚਰਚਾ ਕਰਦੇ ਹੁੰਦੇ ਸਨ। ਰਹੱਸਵਾਦੀ ਫਿਲਾਸਫਰ ਸਿਖਾਉਂਦੇ ਸਨ ਕਿ ਸਰੀਰਕ ਵਿਨਾਸ ਤੋਂ ਬਚਣ ਦਾ ਇੱਕਮਾਤਰ ਤਰੀਕਾ ਇਹ ਹੈ ਕਿ ਮਨੁੱਖ ਕਿਸੇ ਈਸ਼ੁਰੀ ਸੁਭਾਉ ਜਾਂ ਕਿਸੇ ਆਤਮਕ ਦਰਜੇ ਵਿਚ ਲੀਨ ਹੋ ਜਾਵੇ। ਪਤਰਸ ਦੇ ਲਈ ਈਸ਼ੁਰੀ ਸੁਭਾਉ ਵਿਚ ਸਾਂਝੀ ਹੋਣ ਦਾ ਅਰਥ ਮਸੀਹ ਵਿਚ ਹੋਣ ਤੋਂ ਸੀ। ਵਾਇਦਿਆਂ ਦੀ ਪੂਰਤੀ ਵਿਚ ਮਸੀਹ ਨੇ ਮਨੁੱਖਜਾਤੀ ਨੂੰ ਪਰਮੇਸ਼ੁਰ ਦੇ ਨਾਲ ਮੇਲ ਅਤੇ **ਉਸ ਵਿਨਾਸ ਤੋਂ ਛੁੱਟ ਕੇ ਜੋ ਕਾਮਨਾ ਦੇ**

**ਕਾਰਨ ਜਗਤ ਵਿਚ ਹੈ**, ਦੀ ਪੇਸ਼ਕਸ਼ ਕੀਤੀ। ਇਨ੍ਹਾਂ ਸ਼ਬਦਾਂ ਦੇ ਨਾਲ-ਨਾਲ “ਕਾਮਨਾ ਦੇ ਕਾਰਨ” ਸੁਝਾਓ ਦਿੰਦਾ ਹੈ ਕਿ ਪਤਰਸ ਨੈਤਿਕ ਭ੍ਰਿਸ਼ਟਾਚਾਰ ਬਾਰੇ ਗੱਲ ਕਰ ਰਿਹਾ ਸੀ, ਸਰੀਰਕ ਭ੍ਰਿਸ਼ਟਾਚਾਰ ਬਾਰੇ ਨਹੀਂ, ਜਿਸ ਦੇ ਅਧੀਨ ਸਰੀਰ ਹੈ। ਬਾਅਦ ਵਿਚ 2:19, 20 ਵਿਚ ਉਹ ਦਰਸਾਏਗਾ ਕਿ ਕਾਮਨਾਂ ਦੇ ਅਧੀਨ ਹੋ ਜਾਣ ਨਾਲ ਲੋਕ ਗੁਲਾਮ ਹੋ ਜਾਂਦੇ ਹਨ। “ਈਸ਼ੁਰੀ ਸੁਭਾਉ” ਵਿਚ ਸਾਂਝੀ ਹੋਣ ਦੇ ਲਈ “ਓਸ ਵਿਨਾਸ ਤੋਂ . . . ਜੋ . . . ਜਗਤ ਵਿਚ ਹੈ” ਬਚਣਾ ਜ਼ਰੂਰੀ ਹੈ। ਇਹ ਗੱਲਾਂ ਮਿਲ ਕੇ ਅੱਗੇ ਲਿਖੀਆਂ ਗਈਆਂ ਨੈਤਿਕ ਹਿਦਾਇਤਾਂ ਦੀ ਬੁਨਿਆਦ ਬਣਦੀਆਂ ਹਨ।

ਨਵੇਂ ਨੇਮ ਦੇ ਸਮੇਂ ਦੇ ਦੌਰਾਨ ਫ਼ਿਲਿਸਤੀਨ ਅਤੇ ਉਸ ਦੀਆਂ ਹੱਦਾਂ ਤੋਂ ਬਾਹਰ ਵੀ ਅਜਿਹੇ ਯਹੂਦੀ ਸਨ ਜਿਹੜੇ ਯੂਨਾਨੀ ਵਿਚਾਰਧਾਰਾ ਤੋਂ ਪੂਰੀ ਤਰ੍ਹਾਂ ਜਾਣੂ ਸਨ। ਰਸੂਲ ਨੇ ਅਤੇ ਸ਼ਾਇਦ ਕਿਸੇ ਸਿਆਣੇ ਸਹਿਕਰਮੀ ਨੇ ਯੂਨਾਨੀ ਬੋਲਣ ਵਾਲੇ ਯਹੂਦੀ ਵਿਸ਼ਵਾਸੀਆਂ ਵਿਚਕਾਰ ਖੁਸ਼ਖਬਰੀ ਦਾ ਮਕਸਦ ਪੂਰਾ ਕਰਨ ਲਈ ਯੂਨਾਨੀ ਧਾਰਨਾ ਨੂੰ ਇਸਤੇਮਾਲ ਕੀਤਾ ਹੋਵੇਗਾ।[1]

**ਆਇਤ 5.** ਪਿਛਲੀਆਂ ਆਇਤਾਂ ਵਿਚ ਕੀਤੇ ਗਏ ਦਾਅਵੇ ਦੇ ਅਧਾਰ ’ਤੇ ਪਤਰਸ ਹੁਣ ਨੈਤਿਕ ਤਾਗੀਦ ਵੱਲ ਵਧਦਾ ਹੈ: **ਸਗੋਂ ਇਸੇ ਕਾਰਨ ਤੁਸੀਂ ਆਪਣੀ ਵੱਲੋਂ ਵੱਡਾ ਜਤਨ ਕਰ ਕੇ** [ਜੋ ਉਨ੍ਹਾਂ ਨੇ ਕਰਨਾ ਸੀ]। ਜਦਕਿ ਪਤਰਸ ਨੇ ਮਸੀਹੀ ਵਿਸ਼ਵਾਸ ਵਿਚ ਯੂਨਾਨੀ ਭਾਸ਼ਾ ਨੂੰ ਸਵੈ-ਇੱਛਾ ਨਾਲ ਲੈ ਲਿਆ ਸੀ, ਫਿਰ ਵੀ ਉਹ ਪਰਮੇਸ਼ੁਰ ਦੇ ਗਿਆਨ ਤੋਂ ਨੈਤਿਕਤਾ ਨੂੰ ਵੱਖਰਾ ਵੇਖ ਕੇ ਖੁਸ਼ ਨਹੀਂ ਸੀ। ਪਰਮੇਸ਼ੁਰ ਇਸ ਗੱਲ ਦੀ ਪਰਵਾਹ ਕਰਦਾ ਸੀ ਕਿ ਲੋਕਾਂ ਦਾ ਵਿਹਾਰ ਕਿਹੋ ਜਿਹਾ ਹੈ। ਯੂਨਾਨੀ ਸੰਸਾਰ ਵਿਚ ਨੈਤਿਕਤਾ ਅਤੇ ਧਰਮ ਵਿਚਕਾਰ ਰਿਸ਼ਤਾ ਨਾ ਦੇ ਬਰਾਬਰ ਸੀ। ਮਸੀਹ ਵਿਚ ਜੀਵਨ ਲਈ, ਵਿਹਾਰ ਦਾ ਉੱਚ ਨੈਤਿਕ ਨਿਯਮਾਂ ਉੱਤੇ ਅਧਾਰਿਤ ਹੋਣਾ ਲਾਜ਼ਮੀ ਸੀ। ਯਿਸੂ ਦੇ ਆਦਰਸ਼ ਉੱਤੇ ਅਧਾਰਿਤ ਜੀਵਨ ਦੋ ਕੰਮ ਕਰਦਾ ਸੀ: (1) ਇਹ ਪਰਮੇਸ਼ੁਰ ਦੇ ਨਾਮ ਦੀ ਵਡਿਆਈ ਕਰਦਾ ਸੀ। (2) ਇਹ ਉਸ ਵਿਅਕਤੀ ਨੂੰ ਸਦਾਚਾਰੀ ਬਣਾ ਦਿੰਦਾ ਸੀ ਜਿਸ ਨੇ ਇਸ ਨੂੰ ਕਬੂਲ ਕੀਤਾ ਹੈ। ਕਿਉਂਕਿ ਪਰਮੇਸ਼ੁਰ ਨੇ ਮਸੀਹੀ ਲੋਕਾਂ ਨੂੰ ਵੱਡੇ ਵੱਡੇ ਵਾਇਦੇ ਦਿੱਤੇ ਸਨ, ਕਿਉਂਕਿ ਮਸੀਹੀ ਲੋਕ “ਈਸ਼ੁਰੀ ਸੁਭਾਉ” ਵਿਚ ਸਾਂਝੀ ਹੋਏ ਹਨ, ਇਸ ਕਰਕੇ ਲਾਜ਼ਮੀ ਹੈ ਕਿ ਉਹ “ਵੱਡਾ ਜਤਨ ਕਰਕੇ” ਬਿਨਾਂ ਕਿਸੇ ਸਮਝੌਤੇ ਦਾ ਜੀਵਨ ਬਤੀਤ ਕਰਨ।

ਯੂਨਾਨੀ ਸੰਸਾਰ ਦੇ ਸਿਆਣੇ ਲੋਕਾਂ ਅਤੇ ਫਿਲਾਸਫਰਾਂ ਦੀ ਇਹ ਇੱਕ ਆਮ ਪ੍ਰਥਾ ਹੁੰਦੀ ਸੀ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਗੁਣਾਂ ਅਤੇ ਔਗੁਣਾਂ ਦੀ ਸੂਚੀ ਦਿੰਦੇ ਹੁੰਦੇ ਸਨ। ਪੌਲੁਸ ਅਤੇ ਪਤਰਸ ਨੇ ਇਸ ਪ੍ਰਥਾ ਨੂੰ ਆਪਣੇ ਪੱਤਰਾਂ ਵਿਚ ਇਸਤੇਮਾਲ ਕੀਤਾ। 1 ਪਤਰਸ 3:8, 9 ਵਿਚ ਰਸੂਲ ਨੇ ਉਨ੍ਹਾਂ ਵਿਹਾਰਾਂ ਦੀ ਸੂਚੀ ਦਿੱਤੀ ਜਿਨ੍ਹਾਂ ਤੋਂ ਪਰਮੇਸ਼ੁਰ ਪ੍ਰਸੰਨ ਹੁੰਦਾ ਹੈ ਅਤੇ 2:1 ਤੇ 4:3 ਵਿਚ ਉਸ ਨੇ ਔਗੁਣਾਂ ਦੀ ਸੂਚੀ ਦਿੱਤੀ। 2 ਪਤਰਸ ਵਿਚ ਵੀ ਰਸੂਲ ਨੇ ਮਸੀਹੀ ਵਿਹਾਰ ਦਾ ਮਾਰਗਦਰਸ਼ਣ ਕਰਨ ਲਈ ਗੁਣਾਂ ਦੀ ਇੱਕ ਸੂਚੀ ਪੇਸ਼ ਕੀਤੀ। ਪਤਰਸ ਦੀ ਸੂਚੀ ਵਿਸਤ੍ਰਿਤ ਨਿਯਮਾਂ ਬਾਰੇ ਗੱਲ ਕਰਦੀ ਹੈ। ਇਹ ਕਨੂੰਨੀ ਨਿਯਮਾਂ ਤੋਂ ਬਹੁਤ ਪਰੇ ਹੈ। ਕਨੂੰਨੀ ਨਿਯਮਾਂ ਵਿਚ ਸਾਫ-ਸਾਫ ਦਿੱਤੀਆਂ ਗਈਆਂ ਹੱਦਾਂ ਹੁੰਦੀਆਂ ਹਨ। ਉਦਾਹਰਨ ਵਜੋਂ, ਜੇਕਰ ਸ਼ਰਾ ਆਖਦੀ ਹੈ ਕਿ ਕਿਸੇ ਵਿਅਕਤੀ ਨੂੰ ਸਾਲ ਵਿਚ ਇੱਕ ਵਾਰੀ ਯਰੂਸ਼ਲਮ ਦੀ ਹੈਕਲ ਵਿਚ ਜਾਣਾ ਹੈ ਅਤੇ ਉੱਥੇ ਪਸਾਹ ਦਾ ਪਰਬ ਮਨਾਉਣਾ ਹੈ, ਤਾਂ ਇਹ ਜਾਣਨਾ ਔਖਾ ਨਹੀਂ ਹੈ ਕਿ ਉਸ ਵਿਅਕਤੀ ਨੇ ਇਸ ਦੀ ਆਗਿਆਕਾਰੀ ਕੀਤੀ ਹੈ ਜਾਂ ਨਹੀਂ।

ਸ਼ਰਾ ਦੀ ਆਗਿਆਕਾਰੀ ਵਿਚ ਇੱਕ ਵਿਅਕਤੀ ਦਾ ਯੋਗਦਾਨ ਬਹੁਤ ਘੱਟ ਹੈ। ਪਤਰਸ ਨੇ ਜਿਹੜੇ ਗੁਣਾਂ ਦੀ ਸੂਚੀ ਦਿੱਤੀ ਹੈ, ਉਸ ਵਿਚ ਇੱਕ ਵਿਅਕਤੀ ਦਾ ਯੋਗਦਾਨ ਬਹੁਤ ਜ਼ਿਆਦਾ ਹੈ। ਭਾਵੇਂ ਕਿਸੇ ਨੇ ਕਿੰਨਾ ਵੀ ਭਲਾ ਜੀਵਨ ਕਿਉਂ ਨਾ ਬਤੀਤ ਕੀਤਾ ਹੋਵੇ, ਕੋਈ ਵਿਅਕਤੀ ਕਦੇ ਵੀ ਅਜਿਹਾ ਨਹੀਂ ਕਹਿ ਸਕੇਗਾ, “ਵੇਖੋ, ਮੈਂ ਕਰ ਲਿਆ ਹੈ। ਮੈਂ ਨਿਹਚਾ ਨੂੰ ਨਿਭਾ ਲਿਆ ਹੈ। ਹੁਣ ਮੈਂ ਨੈਤਿਕ ਉੱਤਮਤਾ ਵੱਲ ਵਧਾਂਗਾ।”

ਜਿਨ੍ਹਾਂ ਗੁਣਾਂ ਦੀ ਸੂਚੀ ਪਤਰਸ ਨੇ ਦਿੱਤੀ ਹੈ ਉਨ੍ਹਾਂ ਦੇ ਆਪਸੀ ਸੰਬੰਧ ਨੂੰ ਯੂਨਾਨੀ ਤੋਂ ਅੰਗ੍ਰੇਜੀ ਵਿਚ ਅਨੁਵਾਦ ਕਰਨਾ ਔਖਾ ਹੈ। ਇਹ ਸ਼ਬਦ, “ਆਪਣੀ ਨਿਹਚਾ ਨਾਲ ਨੇਕੀ ਵਧਾਈ ਜਾਓ” (KJV) ਸੁਝਾਓ ਦਿੰਦੇ ਹਨ ਕਿ ਇੱਕ ਗੁਣ ਨੂੰ ਦੂਜੇ ਦੇ ਉੱਤੇ ਰੱਖੀ ਜਾਓ। ਇਹ ਇਨ੍ਹਾਂ ਸ਼ਬਦਾਂ ਦੇ ਆਪਸੀ ਸੰਬੰਧ ਦੇ ਅਰਥ ਨੂੰ ਸਪੱਸ਼ਟ ਨਹੀਂ ਕਰਦਾ। NASB ਨੇ ਇਸ ਵਿਚਾਰ ਨੂੰ ਚੰਗੀ ਤਰ੍ਹਾਂ ਫੜਿਆ ਹੈ ਅਤੇ ਇਸ ਨੂੰ ਲਾਗੂ ਵੀ ਕੀਤਾ ਜਾ ਸਕਦਾ ਹੈ, ਇਹ ਆਖਦੀ ਹੈ **ਆਪਣੀ ਨਿਹਚਾ ਦੇ ਵਿਚ ਨੇਕੀ** ਦੀ ਪੂਰਤੀ ਕਰੋ। ਭਾਵ ਇਹ ਹੈ ਕਿ ਹਰੇਕ ਗੁਣ ਦੀ ਵਰਤੋਂ ਅਗਲੇ ਗੁਣ ਨੂੰ ਪ੍ਰਾਪਤ ਕਰਨ ਲਈ ਕੀਤੀ ਜਾਵੇ। “ਨਿਹਚਾ” ਉਹ ਜ਼ਰੀਆ ਹੈ ਜਿਸ ਦੇ ਰਾਹੀਂ ਕੋਈ ਵਿਅਕਤੀ “ਨੇਕੀ” ਤੱਕ ਪੁੱਜ ਸਕਦਾ ਹੈ। “ਨੇਕੀ” ਦੇ ਜ਼ਰੀਏ ਉਹ “ਗਿਆਨ” ਤੱਕ ਪੁੱਜ ਸਕਦਾ ਹੈ।

ਪਤਰਸ ਦੀ ਸੂਚੀ ਵਿਚ ਹਰੇਕ ਸ਼ਬਦ ਉੱਤੇ ਬੜੀ ਅਸਾਨੀ ਨਾਲ ਇੱਕ ਪੁਸਤਕ ਲਿਖੀ ਜਾ ਸਕਦੀ ਹੈ। ਉਸ ਨੇ ਸੂਚੀ ਦੇ ਇੱਕ ਸਿਰੇ ’ਤੇ “ਨਿਹਚਾ” ਅਤੇ ਦੂਜੇ ਸਿਰੇ ’ਤੇ “ਪ੍ਰੇਮ” ਲਿਖਿਆ। ਸ਼ਾਇਦ ਹੀ ਕੋਈ ਹੋਰ ਸ਼ਬਦ ਹੋਵੇ ਜਿਸ ਨੂੰ ਮਸੀਹੀ ਲੋਕ “ਨਿਹਚਾ” ਨਾਲੋਂ ਵਧੇਰੇ ਪਵਿੱਤਰ ਮੰਨਦੇ ਹੋਣ। ਪੌਲੁਸ ਨੇ ਨਿਹਚਾ ਨੂੰ ਮਸੀਹੀ ਪਛਾਣ ਦੀ ਬੁਨਿਆਦ ਬਣਾ ਦਿੱਤਾ ਜਦ ਉਸ ਨੇ ਲਿਖਿਆ, “ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ” (ਅਫ਼ਸੀਆਂ 2:8)। “ਨਿਹਚਾ” ਇੱਕ ਕਿਰਿਆਸ਼ੀਲ ਸ਼ਬਦ ਹੈ। ਇਬਰਾਨੀਆਂ 11:1 ਵਿਚ ਲੇਖਕ ਨੇ ਇੱਕ ਸੰਖੇਪ ਪਰਿਭਾਸ਼ਾ ਪੇਸ਼ ਕੀਤੀ ਹੈ: “ਹੁਣ ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ ਅਤੇ ਅਣਡਿੱਠ ਵਸਤਾਂ ਦੀ ਸਬੂਤੀ ਹੈ।” ਫਿਰ, ਆਪਣੇ ਜਤਨ ਦੀ ਅਪੂਰਨਤਾ ਨੂੰ ਵੇਖ ਕੇ ਉਹ ਇਹ ਆਖਦਾ ਜਾਪਦਾ ਹੈ, “ਨਿਹਚਾ ਦੀ ਪਰਿਭਾਸ਼ਾ ਦੇਣ ਦੀ ਬਜਾਇ ਮੈਂ ਤੁਹਾਨੂੰ ਦਿਖਾਉਣਾ ਚਾਹੁੰਦਾ ਹਾਂ ਕਿ ਨਿਹਚਾ ਕੀ ਹੈ। ਨਿਹਚਾ ਹਾਬਲ ਹੈ ਜਦ ਉਸ ਨੇ ਆਪਣਾ ਵਿਹਾਰ ਵੱਖਰਾ ਦਰਸਾਇਆ। ਨਿਹਚਾ ਹਨੋਕ ਹੈ। ਨਿਹਚਾ ਨੂਹ ਹੈ। ਨਿਹਚਾ ਅਬਰਾਹਾਮ ਹੈ।” “ਨਿਹਚਾ” ਕੋਈ ਮਾਨਸਿਕ ਖਿਆਲ ਨਹੀਂ ਹੈ; ਇਹ ਨਿਹਚਾ ਦੇ ਕਾਰਨ ਆਉਣ ਵਾਲੇ ਸੁਭਾਓ ਦੇ ਨਾਲ ਬੜੀ ਨੇੜਤਾ ਨਾਲ ਜੁੜੀ ਹੋਈ ਹੈ। ਨਾ ਤਾਂ ਭੁੱਖੇ ਬਾਲਕ ਨੂੰ ਭੋਜਨ ਖੁਆਉਣ ਅਤੇ ਨਾ ਹੀ ਬਪਤਿਸਮਾ ਵਿਚ ਪ੍ਰਭੂ ਨੂੰ ਧਾਰਨ ਕਰਨ ਨੂੰ ਨਿਹਚਾ ਤੋਂ ਵੱਖਰਾ ਕੀਤਾ ਜਾ ਸਕਦਾ ਹੈ ਜਿਹੜੀ ਇਨ੍ਹਾਂ ਕੰਮਾਂ ਦੀ ਬੁਨਿਆਦ ਹੈ।

ਪਤਰਸ ਆਪਣੇ ਪਾਠਕਾਂ ਨੂੰ ਬੇਨਤੀ ਕਰ ਰਿਹਾ ਹੈ ਕਿ ਮਸੀਹ ਕੋਲ “ਨਿਹਚਾ” ਦੇ ਰਾਹੀਂ ਆ ਕੇ ਹੁਣ ਉਹ ਇਸ ਨਿਹਚਾ ਦੀ ਵਰਤੋਂ ਕਰਕੇ ਅਗਲੇ ਗੁਣ “ਨੇਕੀ” (ἀρετή, *ਆਰੇਟੇ*) ਨੂੰ ਹਾਸਲ ਕਰਨ। 1:3 ਵਿਚ ਰਸੂਲ ਨੇ ਦਾਅਵਾ ਕੀਤਾ ਕਿ ਪਰਮੇਸ਼ੁਰ ਨੇ ਵਿਸ਼ਵਾਸੀਆਂ ਨੂੰ ਉਸ ਦੇ ਆਪਣੇ ਪਰਤਾਪ ਅਤੇ ਨੇਕੀ ਦੇ ਰਾਹੀਂ ਬੁਲਾਇਆ ਸੀ। ਮਸੀਹੀ ਲੋਕਾਂ ਨੂੰ ਉਸੇ “ਨੇਕੀ” ਵਿਚ ਅੱਗੇ ਵਧਣਾ ਸੀ ਜਿਸ ਨੂੰ ਪਰਮੇਸ਼ੁਰ ਨੇ ਦਰਸਾਇਆ ਸੀ। ਇਹ ਸ਼ਬਦ ਦ੍ਰਿੜ੍ਹਤਾ, ਨਿਰਭਰਤਾ ਅਤੇ ਚਰਿੱਤਰ ਵਿਚ ਇੱਕਸਾਰਤਾ ਵੱਲ ਇਸ਼ਾਰਾ ਕਰਦਾ ਹੈ।

ਜਦ *ਵਿਸ਼ਵਾਸੀ* ਪਰਮੇਸ਼ੁਰ ’ਤੇ ਨਿਹਚਾ ਕਰਦਾ ਹੈ ਤਦ ਇਹ ਗੁਣ ਸੁਭਾਵਿਕ ਰੀਤੀ ਨਾਲ ਹੀ ਉਸ ਵਿਚ ਆ ਜਾਂਦਾ ਹੈ।

**ਗਿਆਨ** ਸ਼ਬਦ ਉਨ੍ਹਾਂ ਝੂਠੇ ਗੁਰੂਆਂ ਦੇ ਲਈ ਮਹੱਤਵਪੂਰਨ ਸੀ ਜਿਹੜੇ ਉਨ੍ਹਾਂ ਕਲੀਸੀਆਵਾਂ ਵਿਚ ਵੜ ਆਏ ਸਨ, ਜਿਨ੍ਹਾਂ ਨੂੰ ਪਤਰਸ ਲਿਖ ਰਿਹਾ ਸੀ। ਇਹ ਸ਼ਬਦ ਰਸੂਲ ਲਈ ਵੀ ਮਹੱਤਵਪੂਰਨ ਸੀ, ਪਰ ਦਿਲਚਸਪ ਗੱਲ ਇਹ ਹੈ ਕਿ ਇਹ ਸ਼ਬਦ ਰਸੂਲ ਦੀ ਸੂਚੀ ਵਿਚ ਨਾ ਤਾਂ ਪਹਿਲਾ ਸ਼ਬਦ ਹੈ ਅਤੇ ਨਾ ਹੀ ਆਖਰੀ। ਗੈਰਮਸੀਹੀ ਗੁਣਾਂ ਦੀ ਸੂਚੀ ਵਿਚ “ਗਿਆਨ” ਨੂੰ ਆਮ ਤੌਰ ’ਤੇ ਪ੍ਰਾਥਮਿਕਤਾ ਦਿੱਤੀ ਜਾਂਦੀ ਸੀ। 2 ਪਤਰਸ ਵਿਚ ਇਹ “ਨਿਹਚਾ” ਅਤੇ “ਨੇਕੀ” ਦੇ ਬਾਅਦ ਆਉਂਦਾ ਹੈ। 1:2, 3, ਵਿਚ ਜਦ ਪਤਰਸ ਨੇ ਉਸ ਗਿਆਨ ਦੀ ਗੱਲ ਕੀਤੀ ਜਿਹੜਾ ਪਰਮੇਸ਼ੁਰ ਵਿਚ ਨਿਹਚਾ ਕਰਨ ਅਤੇ ਬਚਾਏ ਜਾਣ ਲਈ ਜ਼ਰੂਰੀ ਹੈ, ਉੱਥੇ ਉਸ ਨੇ ἐπίγνωσις (*ਏਪਿਗਨੋਸਿਸ*) ਸ਼ਬਦ ਦੀ ਵਰਤੋਂ ਕੀਤੀ, ਜੋ ਕਿ ਸ਼ਾਇਦ ਇਸ ਸ਼ਬਦ ਦਾ ਤਕੜਾ ਰੂਪ ਹੈ। ਇਸ ਆਇਤ ਵਿਚ “ਗਿਆਨ” (γνῶσις, *ਨੋਸਿਸ*) ਹੈ ਜੋ ਵਿਹਾਰਕ ਹੈ ਅਤੇ ਮਸੀਹੀ ਵਾਧੇ ਵਿਚ ਮਦਦ ਕਰਦਾ ਹੈ।

ਪਤਰਸ ਦੇ ਸਾਹਮਣੇ ਆਏ ਝੂਠੇ ਗੁਰੂਆਂ ਦੀ ਤਰ੍ਹਾਂ ਹੀ ਪੌਲੁਸ ਵੀ ਕੁਰਿੰਥੁਸ ਦੇ ਉਨ੍ਹਾਂ ਮਸੀਹੀ ਲੋਕਾਂ ਨਾਲ ਨਜਿੱਠਿਆ, ਜਿਹੜੇ ਆਪਣੇ “ਗਿਆਨ” ਦੇ ਦੀਵਾਨੇ ਹੋ ਗਏ ਸਨ। ਪੌਲੁਸ ਨੇ ਕੁਰਿੰਥੀਆਂ ਨੂੰ ਬੁਰੀ ਤਰ੍ਹਾਂ ਫਟਕਾਰਿਆ। ਉਸ ਨੇ ਮਖੌਲ ਕਰਦਿਆਂ ਆਖਿਆ, “ਅਸੀਂ ਇਹ ਜਾਣਦੇ ਹਾਂ ਜੋ ਅਸਾਂ ਸਭਨਾਂ ਨੂੰ ਇਲਮ ਹੈ।” ਫਿਰ ਉਸ ਨੇ ਅੱਗੇ ਆਖਿਆ, “ਇਲਮ ਫੁਲਾਉਂਦਾ ਹੈ ਪਰ ਪ੍ਰੇਮ ਬਣਾਉਂਦਾ ਹੈ” (1 ਕੁਰਿੰਥੀਆਂ 8:1)। “ਨਿਹਚਾ” ਤੋਂ ਅਰੰਭ ਕਰਕੇ ਜੇਕਰ ਨਿਹਚਾ ਦੇ ਜ਼ਰੀਏ ਅੱਗੇ “ਨੇਕੀ” ਤੱਕ ਪੁੱਜਿਆ ਜਾਵੇ, ਤਦ ਹੀ “ਗਿਆਨ” ਇੱਕ ਯੋਗ ਮਸੀਹੀ ਟੀਚਾ ਹੋ ਸਕਦਾ ਹੈ। ਪਰ ਤਦ ਵੀ, “ਗਿਆਨ” ਆਪਣੇ ਆਪ ਨੂੰ ਉੱਚਾ ਚੁੱਕਣ ਦਾ ਜ਼ਰੀਆ ਨਹੀਂ ਹੋ ਸਕਦਾ। “ਗਿਆਨ” ਅਜਿਹਾ ਗੁਣ ਹੈ ਜਿਸ ਨੂੰ ਹੋਰਨਾਂ ਗੁਣਾਂ ਦੇ ਨਾਲ ਪ੍ਰਾਪਤ ਕਰਨਾ ਚਾਹੀਦਾ ਹੈ। ਇਹ ਤਦ ਇੱਕ ਗੁਣ ਨਹੀਂ ਰਹਿ ਜਾਂਦਾ ਹੈ ਜਦ ਇਸ ਦੀ ਵਰਤੋਂ ਕਰਕੇ ਪਰਮੇਸ਼ੁਰ ਦਾ ਮਾਰਗਦਰਸ਼ਣ ਕਰਨ ਦੀ ਜਾਂ ਉਸ ਨੂੰ ਮਨੁੱਖੀ ਸ਼ਕਲ ਦੇਣ ਦੀ ਕੋਸ਼ਿਸ਼ ਕੀਤੀ ਜਾਵੇ।

**ਆਇਤ 6.** ਇਸ ਦੀ ਬਜਾਇ **ਗਿਆਨ** ਤਾਂ ਇੱਕ ਕਦਮ ਹੈ ਜਿਹੜਾ **ਸੰਜਮ** ਦੀ ਪ੍ਰਾਪਤੀ ਲਈ ਚੁੱਕਿਆ ਜਾਂਦਾ ਹੈ। ਕੇਵਲ ਤਿੰਨ ਗੁਣ ਅਜਿਹੇ ਹਨ ਜਿਹੜੇ ਪਤਰਸ ਦੇ ਮਸੀਹੀ ਗੁਣਾਂ ਦੀ ਸੂਚੀ ਅਤੇ ਪੌਲੁਸ ਦੇ “ਆਤਮਾ ਦੇ ਫਲਾਂ” (ਗਲਾਤੀਆਂ 5:22, 23) ਵਿਚ ਇੱਕੋ ਜਿਹੇ ਹਨ। “ਨਿਹਚਾ” ਅਤੇ “ਪ੍ਰੇਮ” ਉਨ੍ਹਾਂ ਵਿੱਚੋਂ ਦੋ ਹਨ, ਹਾਲਾਂਕਿ NASB ਗਲਾਤੀਆਂ ਵਿਚ ਇੱਕ ਦਾ ਅਨੁਵਾਦ “ਵਫ਼ਾਦਾਰੀ” ਕਰਦੀ ਹੈ। ਦੋਹਾਂ ਸੂਚੀਆਂ ਵਿਚ ਇੱਕ ਸਮਾਨ ਤੀਜਾ ਸ਼ਬਦ “ਸੰਜਮ” (ἐγκράτεια, *ਏਨਕ੍ਰਾਟੇਈਆ*) ਹੈ। ਨਵੇਂ ਨੇਮ ਵਿਚ ਕੇਵਲ ਇੱਕ ਹੋਰ ਥਾਂ ਜਿੱਥੇ *ਏਨਕ੍ਰਾਟੇਈਆ* ਦੀ ਵਰਤੋਂ ਕੀਤੀ ਗਈ ਹੈ ਉਹ ਰਸੂਲਾਂ 24:25 ਹੈ, ਜਿੱਥੇ ਪੌਲੁਸ ਰਾਜਪਾਲ ਫ਼ੇਲਿਕਸ ਅੱਗੇ “ਧਰਮ ਅਤੇ ਸੰਜਮ ਅਤੇ ਹੋਣ ਵਾਲੀ ਅਦਾਲਤ” ਬਾਰੇ ਤਰਕ ਪੇਸ਼ ਕਰਦਾ ਹੈ।

ਪਰਮੇਸ਼ੁਰ ਚਾਹੁੰਦਾ ਹੈ ਕਿ ਉਸ ਦੇ ਲੋਕ ਆਪਣੀਆਂ ਇੱਛਾਵਾਂ ਅਤੇ ਆਪਣੀਆਂ ਕਾਮਨਾਵਾਂ ਉੱਤੇ ਕਾਬੂ ਰੱਖਣ। ਉਹ ਇਸ ਦੀ ਉਮੀਦ ਸੰਭਾਵਨਾਵਾਂ ਦੇ ਖੇਤਰ ਵਿਚ ਕਰਦਾ ਹੈ। ਲੋਕ ਆਪਣੇ ਕ੍ਰੋਧ, ਆਪਣੀਆਂ ਲਾਲਸਾਵਾਂ, ਆਪਣੇ ਵਿਚਾਰਾਂ ਅਤੇ ਆਪਣੇ ਵਿਹਾਰਾਂ ਉੱਤੇ ਕਾਬੂ ਰੱਖ ਸਕਦੇ ਹਨ। ਨਾ ਤਾਂ ਪੌਲੁਸ ਨੇ ਅਤੇ ਨਾ ਹੀ ਪਤਰਸ ਨੇ ਇਹ ਸੰਕੇਤ ਕੀਤਾ ਕਿ

ਇਸ ਗੁਣ ਦਾ ਅਭਿਆਸ ਕਰਨਾ ਸੌਖਾ ਹੈ। ਕੁਝ ਲੋਕਾਂ ਨੂੰ ਆਪਣੀਆਂ ਕਾਮਨਾਵਾਂ ’ਤੇ ਕਾਬੂ ਕਰਨ ਵਿਚ ਬਾਕੀਆਂ ਨਾਲੋਂ ਵਧੇਰੇ ਔਖਿਆਈ ਹੁੰਦੀ ਹੈ। ਕਿਸੇ ਵੀ ਹਾਲਾਤ ਵਿਚ ਕੋਈ ਵਿਅਕਤੀ ਕ੍ਰੋਧ ਜਾਂ ਕਿਸੇ ਹੋਰ ਪ੍ਰੀਖਿਆ ਵਿਚ ਡਿੱਗ ਕੇ ਬਹਾਨੇ ਨਹੀਂ ਬਣਾ ਸਕਦਾ। “ਸੰਜਮੀ” ਵਿਅਕਤੀ ਬਣਨ ਦਾ ਪਹਿਲਾ ਕਦਮ ਇਹ ਸਵੀਕਾਰ ਕਰ ਲੈਣਾ ਹੈ ਕਿ ਇਹ ਇੱਕ ਸੰਭਵ ਉਮੀਦ ਹੈ। ਹਰੇਕ ਵਿਅਕਤੀ ਨੂੰ ਪਹਿਲਾਂ ਇਹ ਸਿਆਣਨਾ ਹੋਵੇਗਾ ਕਿ ਉਹ ਆਪਣੇ ਆਪ ਉੱਤੇ ਕਾਬੂ ਰੱਖ ਸਕਦਾ ਹੈ; ਫਿਰ ਉਹ ਇਸ ਨੂੰ ਕਰੇ।

“ਸੰਜਮ” ਇੱਕ ਮੰਚ ਦੀ ਤਰ੍ਹਾਂ ਕੰਮ ਕਰਦਾ ਹੈ ਜਿੱਥੋਂ **ਧੀਰਜ** ਨੂੰ ਮਸੀਹੀ ਚਰਿੱਤਰ ਵਿਚ ਜੋੜਿਆ ਜਾ ਸਕਦਾ ਹੈ। KJV “ਦ੍ਰਿੜ੍ਹਤਾ” (ὑπομονή, *ਹੁਪੋਮੋਨੇ*) ਦਾ ਅਨੁਵਾਦ “ਧੀਰਜ” ਵਜੋਂ ਕਰਦਾ ਹੈ। ਜਦਕਿ ਇਹ ਸੱਚ ਹੈ ਕਿ “ਧੀਰਜ” ਅਤੇ “ਦ੍ਰਿੜ੍ਹਤਾ” ਦਾ ਅਰਥ ਕਦੇ-ਕਦੇ ਇੱਕੋ ਹੋ ਸਕਦਾ ਹੈ, ਪਰ ਜ਼ਿਆਦਾਤਰ “ਧੀਰਜ” ਨਿਰਾਸ਼ਾਵਾਂ ਜਾਂ ਪਰੇਸ਼ਾਨੀਆਂ ਨਾਲ ਸ਼ਾਂਤੀ ਨਾਲ ਨਜਿੱਠਣ ਦੀ ਯੋਗਤਾ ਹੈ। ਇਸ ਭਾਵ ਨਾਲ “ਧੀਰਜ” ਦੇ ਲਈ ਇੱਕ ਵੱਖਰੇ ਯੂਨਾਨੀ ਸ਼ਬਦ ਦੀ ਲੋੜ ਹੈ। ਜਿਸ ਸ਼ਬਦ ਦੀ ਵਰਤੋਂ ਪਤਰਸ ਨੇ ਕੀਤੀ ਉਸ ਦਾ ਭਾਵ ਡਟੇ ਰਹਿਣ, ਸਥਿਰਤਾ ਅਤੇ ਅਡੋਲ ਸਹਿਣਸ਼ੀਲਤਾ ਤੋਂ ਹੈ। ਇਹ ਉਹ ਗੁਣ ਹੈ ਜਿਹੜਾ ਮਸੀਹੀ ਲੋਕਾਂ ਨੂੰ ਨਿਰਾਸ਼ਾ ਵਿਚ ਅੱਗੇ ਵਧਾਉਂਦਾ ਹੈ, ਪ੍ਰੀਖਿਆਵਾਂ ਵਿਚ ਪਿਛਾਂਹ ਸੱਦਦਾ ਹੈ ਅਤੇ ਉਨ੍ਹਾਂ ਨੂੰ ਜਿਹੜੀ ਨਿਹਚਾ ਮਿਲੀ ਹੈ ਉਸ ਵਿਚ ਬਣੇ ਰਹਿਣ ਵਿਚ ਮਦਦ ਕਰਦਾ ਹੈ। ਪਤਰਸ ਨੇ ਜਿਸ ਯੂਨਾਨੀ ਸ਼ਬਦ ਦੀ ਚੋਣ ਕੀਤੀ ਹੈ ਉਸ ਦੇ ਲਈ “ਦ੍ਰਿੜ੍ਹਤਾ” ਸ਼ਬਦ ਢੁਕਵਾਂ ਹੈ।

ਨਿਹਚਾ ਵਿਚ ਦ੍ਰਿੜ੍ਹ ਰਹਿ ਕੇ ਮਸੀਹੀ ਲੋਕ **ਭਗਤੀ** ਦੇ ਟੀਚੇ ਨੂੰ ਪ੍ਰਾਪਤ ਕਰਦੇ ਹਨ। ਇਹ ਸ਼ਬਦ ਕੰਮ ਦੀ ਬਜਾਇ ਆਚਰਣ ਵੱਲ ਇਸ਼ਾਰਾ ਕਰਦਾ ਹੈ। ਇਹ ਇਸ ਸੋਚ ਨੂੰ ਬਿਆਨ ਕਰਦਾ ਹੈ ਕਿ ਪਰਮੇਸ਼ੁਰ ਹਰ ਵੇਲੇ ਸਾਡੇ ਨੇੜੇ ਹੈ। ਇਹ ਮਨ ਦੀ ਉਹ ਪਵਿੱਤਰ ਸਥਿਤੀ ਹੈ ਜਿਹੜੀ ਜੀਵਨ ਦੇ ਹਰੇਕ ਖੇਤਰ ਵਿਚ ਪਰਮੇਸ਼ੁਰ ਨੂੰ ਸੱਦ ਲੈਂਦੀ ਹੈ। ਇੱਕ ਭਗਤੀਪੂਰਨ ਵਿਅਕਤੀ ਔਖੇ ਫੈਸਲੇ ਸਿਰ ਨਿਵਾ ਕੇ ਲੈਂਦਾ ਹੈ ਅਤੇ ਜ਼ਿੰਦਗੀ ਦੀਆਂ ਖੁਸ਼ੀਆਂ ਅਤੇ ਪੀੜਾਂ ਦਾ ਸਾਹਮਣਾ ਪਰਮੇਸ਼ੁਰ ਦੇ ਹੱਥਾਂ ਵਿਚ ਆਪਣੇ ਹੱਥ ਧਰ ਕੇ ਕਰਦਾ ਹੈ। ਇਸ ਦੇ ਅਰਥ ਦਾ ਪ੍ਰਸਾਰ “ਨੇਕੀ” ਅਤੇ “ਸੰਜਮ” ਤੱਕ ਜਾਂਦਾ ਹੈ। ਇਸ ਸ਼ਬਦ ਦਾ ਕਦੇ-ਕਦੇ ਅਨੁਵਾਦ “ਮਸੀਹੀ ਭਗਤੀ” ਜਾਂ “ਧਰਮ” ਵਜੋਂ ਵੀ ਕੀਤਾ ਜਾਂਦਾ ਹੈ। ਇਸ ਸ਼ਬਦ ਦੀ ਵਰਤੋਂ ਪੌਲੁਸ ਨੇ 1 ਤਿਮੋਥਿਉਸ 6:3 ਵਿਚ ਇਸ ਤਰ੍ਹਾਂ ਕੀਤੀ, “ਉਸ ਸਿੱਖਿਆ ਨੂੰ ਜੋ ਭਗਤੀ ਦੇ ਅਨੁਸਾਰ ਹੈ।” 1 ਤਿਮੋਥਿਉਸ 6:11 ਵਿਚ ਗੁਣਾਂ ਦੀ ਸੂਚੀ ਵਿਚ ਪੌਲੁਸ ਨੇ “ਭਗਤੀ” ਨੂੰ ਸ਼ਾਮਲ ਕੀਤਾ।

**ਆਇਤ 7.** ਇੱਕ ਤੋਂ ਬਾਅਦ ਇੱਕ ਉਪਦੇਸ਼ ਦਿੰਦਿਆਂ ਪਤਰਸ **ਭਰੱਪਣ ਦੇ ਪ੍ਰੇਮ** ਵੱਲ ਜਾਂਦਾ ਹੈ। ਪਰਮੇਸ਼ੁਰ ਦੀ ਭਗਤੀ ਨੂੰ ਆਪਣੇ ਸੰਗੀ ਮਨੁੱਖਾਂ ਦੇ ਪ੍ਰਤੀ ਉਪਕਾਰ ਅਤੇ ਦਿਆਲਗੀ ਭਰੇ ਵਿਹਾਰ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਗੁਣਾਂ ਦੀ ਤਰਤੀਬ ਮਹੱਤਵਪੂਰਨ ਹੈ। ਆਪਣੇ ਗੁਆਂਢੀ ਦੇ ਪ੍ਰਤੀ ਸ਼ਿਸ਼ਟਾਚਾਰ ਅਤੇ ਦਿਆਲਗੀ **ਭਗਤੀ** ਦੇ ਕਾਰਨ ਹੀ ਵਿਕਸਿਤ ਹੁੰਦੀ ਹੈ। ਜਿਸ ਸ਼ਬਦ ਦਾ ਅਨੁਵਾਦ “ਭਰੱਪਣ ਦਾ ਪ੍ਰੇਮ” (φιλαδελφία, *ਫਿਲਾਡੇਲਫਿਆ* ) ਕੀਤਾ ਗਿਆ ਹੈ, ਉਸ ਨੂੰ ਅੰਗ੍ਰੇਜੀ ਬੋਲਣ ਵਾਲੇ ਜ਼ਿਆਦਾਤਰ ਲੋਕ ਜਾਣਦੇ ਹਨ। ਪੇਨਸਿਲਵੇਨਿਆ ਮਹਾਂਨਗਰ ਦਾ ਇੱਕ ਨਾਮ “ਭਰੱਪਣ ਦੇ ਪ੍ਰੇਮ ਦਾ ਨਗਰ,” ਫਿਲਾਡੇਲਫਿਆ ਵੀ ਹੈ। ਇਹ ਇੱਕ ਅਜਿਹਾ ਸ਼ਬਦ ਹੈ ਜਿਹੜਾ ਆਪਣੇ ਵਿਚ ਭਾਈਚਾਰੇ ਦੇ ਨਾਲ-ਨਾਲ ਨਿੱਘੇ ਅਤੇ ਜਜ਼ਬਾਤੀ ਪ੍ਰੇਮ ਨੂੰ ਸੰਜੋ ਕੇ ਰੱਖਦਾ ਹੈ। ਯਿਸੂ

ਮਸੀਹ ਨੇ ਆਪਣੇ ਚੇਲਿਆਂ ਨੂੰ ਸਿਖਾਇਆ ਕਿ ਉਹ ਹਰੇਕ ਵਿਅਕਤੀ ਨੂੰ ਪ੍ਰੇਮ, ਆਦਰ ਅਤੇ ਸਤਿਕਾਰ ਕਰਨ; ਪਰ ਚੇਲੇ ਉਨ੍ਹਾਂ ਦੇ ਨਾਲ ਇੱਕ ਖਾਸ ਰਿਸ਼ਤਾ ਰੱਖਦੇ ਹਨ ਜਿਹੜੇ ਉਨ੍ਹਾਂ ਦੀ ਨਿਹਚਾ ਦੇ ਭਾਈਵਾਲ ਹਨ। ਪੌਲੁਸ ਨੇ ਇਸ ਨੂੰ ਬੜੀ ਚੰਗੀ ਤਰ੍ਹਾਂ ਬਿਆਨ ਕੀਤਾ, "ਜਿਵੇਂ ਸਾਨੂੰ ਮੌਕਾ ਮਿਲੇ ਅਸੀਂ ਸਭਨਾਂ ਨਾਲ ਭਲਾ ਕਰੀਏ ਪਰ ਨਿੱਜ ਕਰਕੇ ਨਿਹਚਾਵਾਨਾਂ ਦੇ ਨਾਲ" (ਗਲਾਤੀਆਂ 6:10)।

ਸੂਚੀ ਦੇ ਆਖਰੀ ਸ਼ਬਦ ਲਈ ਕਿਸੇ ਤਰ੍ਹਾਂ ਦੀ ਵਿਆਖਿਆ ਦੀ ਲੋੜ ਨਹੀਂ ਹੈ ਜਾਂ ਸ਼ਾਇਦ ਇਸ ਦੇ ਲਈ ਬਾਕੀ ਸਭਨਾਂ ਨਾਲੋਂ ਵਧੇਰੇ ਵਿਆਖਿਆ ਦੀ ਲੋੜ ਹੈ। ਪਤਰਸ ਨੇ ਸਿੱਟਾ ਕੱਢਿਆ ਕਿ ਇਹ ਸਾਰੇ ਅਦਭੁਤ ਗੁਣ **ਪ੍ਰੇਮ** ਦੇ ਲਈ ਇੱਕ ਬੁਨਿਆਦ ਹੋਣੇ ਚਾਹੀਦੇ ਹਨ। ਇਹ ਆਪਣੇ ਆਪ ਵਿਚ ਇੱਕ ਵਿਆਪਕ ਸ਼ਬਦ ਹੈ ਜਿਹੜਾ ਮਸੀਹੀ ਵਿਹਾਰ ਲਈ ਨਵੇਂ ਨੇਮ ਦਾ ਸਰਬਉੱਚ ਸ਼ਬਦ ਹੈ। ਯਿਸੂ ਨੇ ਆਖਿਆ ਕਿ ਇਹ ਉਸ ਦੇ ਚੇਲਿਆਂ ਵਿਚ ਸਰਬਉੱਚ ਗੁਣ ਹੋਣਾ ਚਾਹੀਦਾ ਹੈ (ਯੂਹੰਨਾ 13:35)। ਯਿਸੂ ਨੇ ਆਖਿਆ ਕਿ ਸਭਨਾਂ ਹੁਕਮਾਂ ਵਿੱਚੋਂ ਸਭ ਤੋਂ ਵੱਡਾ ਹੁਕਮ ਇਹ ਹੈ ਕਿ ਪਰਮੇਸ਼ੁਰ ਨੂੰ ਪ੍ਰੇਮ ਕੀਤਾ ਜਾਵੇ ਅਤੇ ਆਪਣੇ ਸੰਗੀ ਮਨੁੱਖਾਂ ਨੂੰ ਪ੍ਰੇਮ ਕੀਤਾ ਜਾਵੇ (ਮਰਕੁਸ 12:29–31)। ਸਿਆਣੇ ਲੋਕਾਂ ਨੇ ਅਜਿਹੀਆਂ ਕਈ ਪੁਸਤਕਾਂ ਲਿਖੀਆਂ ਹਨ, ਜਿਹੜੀਆਂ ਇਸ ਸ਼ਬਦ ਦੀਆਂ ਡੂੰਘਿਆਈਆਂ ਭਾਲਣ ਦਾ ਜਤਨ ਕਰਦੀਆਂ ਹਨ। ਅਸੀਂ ਘੱਟੋ-ਘੱਟ ਇਹ ਤਾਂ ਆਖ ਹੀ ਸਕਦੇ ਹਾਂ ਕਿ "ਪ੍ਰੇਮ" ਹੰਝੂਆਂ ਨਾਲ ਭਰੀਆਂ ਅੱਖਾਂ ਦੇ ਜਜ਼ਬਾਤ ਨਾਲੋਂ ਕਿਤੇ ਵਧ ਕੇ ਹੈ। ਪ੍ਰੇਮ ਦਾ ਅਰਥ ਹੈ ਆਪਣੇ ਆਪ ਨੂੰ ਦੂਜੇ ਦੀ ਥਾਂ 'ਤੇ ਰੱਖਣਾ ਅਤੇ ਦੂਜਿਆਂ ਦੇ ਲਈ ਸਰਬਉੱਤਮ ਕਰਨਾ, ਫਿਰ ਭਾਵੇਂ ਇਸ ਦੇ ਨਾਲ ਸਾਡਾ ਨੁਕਸਾਨ ਹੀ ਕਿਉਂ ਨਾ ਹੋਵੇ। ਮੁੱਢਲੇ ਤੌਰ 'ਤੇ ਇਹ ਅਜਿਹਾ ਸ਼ਬਦ ਹੈ ਜਿਹੜਾ ਲੋਕਾਂ ਨੂੰ ਆਪਣੇ ਹਿਤ ਤੋਂ ਪਰੇ, ਆਪਣੀਆਂ ਚਿੰਤਾਵਾਂ ਤੋਂ ਪਰੇ, ਦੂਜਿਆਂ ਦੀਆਂ ਜ਼ਰੂਰਤਾਂ ਨੂੰ ਵੇਖਣ ਵਿਚ ਮਦਦ ਕਰਦਾ ਹੈ।

**ਆਇਤ 8.** ਰਸੂਲ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਜਿਨ੍ਹਾਂ ਸ਼ਬਦਾਂ ਦੀ ਵਰਤੋਂ ਉਸ ਨੇ ਕੀਤੀ ਹੈ, ਉਹ ਮਾਤਰ ਕਲਪਨਾਵਾਂ ਨਹੀਂ ਹਨ; ਉਹ ਸਿਰਫ਼ ਕਿਤਾਬੀ ਗੱਲਾਂ ਨਹੀਂ ਕਰ ਰਿਹਾ ਸੀ। ਪਤਰਸ ਨੇ ਆਪਣੇ ਪਾਠਕਾਂ ਨੂੰ ਮੱਧਮ ਪੁਰਸ਼ ਪੜਨਾਉਂ ਵਿਚ ਸੰਬੋਧਤ ਕਰਦਿਆਂ ਆਖਿਆ ਕਿ ਜਦ ਇਹ ਗੁਣ ਉਨ੍ਹਾਂ ਵਿਚ ਜੜ੍ਹ ਫੜ ਲੈਣਗੇ ਤਦ **ਓਹ ਤੁਹਾਨੂੰ . . . ਨਾ ਆਲਸੀ ਅਤੇ ਨਾ ਨਿਸਫਲ ਹੋਣ ਦੇਣਗੇ**। ਕਹਿਣ ਦਾ ਭਾਵ ਇਹ ਹੈ ਕਿ ਆਪਣੇ ਆਪ ਨੂੰ ਮਸੀਹੀ ਕਹਿਣ ਵਾਲੇ ਕੁਝ ਲੋਕ "ਆਲਸੀ" ਅਤੇ "ਨਿਸਫਲ" ਹੋ ਗਏ ਸਨ। ਯਾਕੂਬ ਨੇ ਵੀ ਇਹੋ ਗੱਲ ਸਾਹਮਣੇ ਰੱਖਦਿਆਂ ਆਖਿਆ, "ਅਮਲਾਂ ਬਾਝੋਂ ਨਿਹਚਾ ਅਕਾਰਥ ਹੈ" (ਯਾਕੂਬ 2:20)। ਹਾਲਾਂਕਿ ਕੋਈ ਵਿਅਕਤੀ ਸਿਰਫ ਧਾਰਣਾਵਾਂ ਨੂੰ ਅਪਨਾ ਕੇ ਸਤੋਇਕੀ ਫਿਲਾਸਫਰ ਬਣ ਸਕਦਾ ਹੈ, ਪਰ ਮਸੀਹਤ ਵਿਚ ਧਾਰਣਾਵਾਂ ਅਤੇ ਸ਼ਬਦਾਂ ਨੂੰ ਸਹੀ ਕਰਨ ਨਾਲੋਂ ਕਿਤੇ ਵਧ ਸ਼ਾਮਲ ਹੈ। ਇਹ ਜੀਵਨ ਨੂੰ ਸਹੀ ਕਰਨ ਦੀ ਮੰਗ ਕਰਦੀ ਹੈ। ਭਾਸ਼ਾ ਦਾ ਇੱਕ ਤਰੀਕਾ ਹੈ ਜਿਸ ਨੂੰ ਲੀਟੋਟਾ ਆਖਿਆ ਜਾਂਦਾ ਹੈ, ਜਿਸ ਵਿਚ ਆਪਣੀ ਗੱਲ ਆਖਣ ਲਈ ਉਸ ਦੇ ਵਿਪਰੀਤ ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਪਤਰਸ ਨੇ ਇੱਥੇ ਲੀਟੋਟਾ ਦੀ ਵਰਤੋਂ ਕੀਤੀ। ਜੇਕਰ ਉਸ ਦੇ ਸੁਨੇਹੇ ਨੂੰ ਸਕਾਰਾਤਮਕ ਪੜ੍ਹਿਆ ਜਾਵੇ ਤਾਂ ਉਹ ਇਹ ਹੋਵੇਗਾ ਕਿ ਜਿਨ੍ਹਾਂ ਗੁਣਾਂ ਦੀ ਗੱਲ ਕੀਤੀ ਗਈ ਹੈ, ਉਹ ਮਸੀਹੀ ਲੋਕਾਂ ਨੂੰ ਲਾਭਕਾਰੀ ਅਤੇ ਫਲਵੰਤ ਬਣਾ ਦੇਣਗੇ।

ਪਤਰਸ ਇਹ ਕਦੇ ਸਵੀਕਾਰ ਨਹੀਂ ਕਰ ਸਕਦਾ ਸੀ ਕਿ ਝੂਠੇ ਗੁਰੂਆਂ ਨੂੰ ਬੋਲਣ ਦਾ

ਇਖਤਿਆਰ ਸਿਰਫ ਇਸ ਕਰਕੇ ਹੈ ਕਿਉਂਕਿ ਉਨ੍ਹਾਂ ਦੇ ਕੋਲ ਗਿਆਨ ਹੈ। ਦਰਅਸਲ ਗਿਆਨ ਹੋਣ ਦੇ ਉਨ੍ਹਾਂ ਦੇ ਦਾਅਵੇ "ਬੇਕਾਰ" ਅਤੇ "ਨਿਸਫਲ" ਸਨ। ਰਸੂਲ ਦੁਆਰਾ 1:5–7 ਵਿਚ ਦਿੱਤੇ ਗਏ ਗੁਣਾਂ ਤੋਂ ਪ੍ਰੇਰਣਾ ਪ੍ਰਾਪਤ ਕਰਕੇ ਪਰਮੇਸ਼ੁਰ ਦੀ ਇੱਛਾ ਦੀ ਪੂਰਤੀ ਕਰਨ ਨਾਲ ਪਰਮੇਸ਼ੁਰ ਦੇ ਲੋਕ **ਸਾਡੇ ਪ੍ਰਭੂ ਯਿਸੂ ਮਸੀਹ ਦੇ ਗਿਆਨ ਵਿਚ** ਲਾਭਕਾਰੀ ਅਤੇ ਫਲਵੰਤ ਹੋ ਜਾਣਗੇ। ਰਸੂਲ ਉਸੇ ਸ਼ਬਦ 'ਤੇ ਵਾਪਸ ਆਉਂਦਾ ਹੈ ਜਿਸ ਦੀ ਵਰਤੋਂ ਉਸ ਨੇ 1:2, 3 ਵਿਚ "ਗਿਆਨ" ਦੇ ਲਈ ਕੀਤੀ ਸੀ, ἐπίγνωσις (*ਏਪਿਗਨੋਸਿਸ*)। NASB ਇਸ ਦੇ ਭਾਵ ਨੂੰ ਫੜਣ ਲਈ ਇਸ ਦਾ ਅਨੁਵਾਦ "ਸੱਚੇ ਗਿਆਨ" ਵਜੋਂ ਕਰਦੀ ਹੈ, ਹਾਲਾਂਕਿ ਇਸ ਆਇਤ ਵਿਚ "ਸੱਚੇ" ਲਈ ਕੋਈ ਵੱਖਰਾ ਯੂਨਾਨੀ ਸ਼ਬਦ ਨਹੀਂ ਦਿੱਤਾ ਗਿਆ ਹੈ। ਝੂਠੇ ਗੁਰੂਆਂ ਦੇ ਆਪਣੇ ਫਾਇਦੇ ਲਈ ਇਸਤੇਮਾਲ ਕੀਤੇ ਜਾਣ ਵਾਲੇ ਗਿਆਨ ਦੇ ਉਲਟ "ਸੱਚੇ ਗਿਆਨ" ਦਾ ਸੋਮਾ "ਸਾਡਾ ਪ੍ਰਭੂ ਯਿਸੂ ਮਸੀਹ" ਹੈ। ਇਹ ਦੂਜਿਆਂ ਉੱਤੇ ਨਿਯੰਤ੍ਰਣ ਕਰਨ ਦਾ ਜਾਂ ਫਿਰ ਆਪਣੀ ਵਡਿਆਈ ਕਰਨ ਦਾ ਇੱਕ ਜ਼ਰੀਆ ਨਹੀਂ ਹੈ। "ਸੱਚਾ ਗਿਆਨ" ਨੈਤਿਕ ਫਲ ਉਤਪੰਨ ਕਰਦਾ ਹੈ। ਹਾਲਾਂਕਿ ਇੱਥੇ "ਪਵਿੱਤਰਤਾਈ" ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ ਹੈ, ਫਿਰ ਵੀ ਅਜਿਹਾ ਜਾਪਦਾ ਹੈ ਕਿ ਪਤਰਸ ਉਸੇ ਤਰ੍ਹਾਂ ਦੇ ਵਿਹਾਰ ਦੀ ਗੱਲ ਕਰ ਰਿਹਾ ਸੀ ਜਿਸ ਦਾ ਵੇਰਵਾ 1 ਪਤਰਸ 1:15, 16 ਵਿਚ ਦਿੱਤਾ ਗਿਆ ਹੈ। 1:3 ਵਿਚ ਗਿਆਨ ਦਾ ਮਕਸਦ ਪਰਮੇਸ਼ੁਰ ਦੀ ਵਡਿਆਈ ਹੈ। ਇਸ ਆਇਤ ਵਿਚ ਗਿਆਨ ਦਾ ਮਕਸਦ ਪਵਿੱਤਰਤਾਈ ਹੈ।

**ਆਇਤ 9.** ਸਕਾਰਾਤਮਕ ਤੌਰ ਤੇ, ਮਸੀਹੀ ਗੁਣਾਂ ਦਾ ਪਾਲਨ ਕਰਨਾ ਵਿਅਕਤੀ ਨੂੰ ਉਪਯੋਗੀ ਅਤੇ ਫਲਦਾਇਕ ਬਣਾਵੇਗਾ। ਨਕਾਰਾਤਮਕ ਤੌਰ ਤੇ, ਪਤਰਸ ਨੇ ਕਿਹਾ, **ਪਰ ਜਿਹ ਦੇ ਵਿੱਚ ਏਹ ਗੁਣ ਨਹੀਂ ਉਹ ਅੰਨ੍ਹਾ ਹੈ ਅਤੇ ਉਹ ਨੂੰ ਮੋਟਾ ਵਿਖਾਈ ਦਿੰਦਾ ਹੈ**। ਆਲਸੀ ਅਤੇ ਨਿਸਫਲ ਹੋਣਾ ਇਸ ਗੱਲ ਦੀ ਗਵਾਹੀ ਹੈ ਕਿ ਕਿਸੇ ਵਿਚ "ਏਹ ਗੁਣਾਂ" ਦੀ ਘਾਟ ਹੈ। ਉਸ ਦੇ ਜੀਵਨ ਵਿਚ ਇਨ੍ਹਾਂ ਮਸੀਹੀ ਗੁਣਾਂ ਤੋਂ ਬਿਨਾਂ, ਇਕ ਵਿਅਕਤੀ ਇਹ ਵਿਖਾਉਂਦਾ ਹੈ ਕਿ ਉਹ ਸੁਣਨ, ਸਮਝਣ ਅਤੇ ਮਸੀਹੀ ਸੰਦੇਸ਼ ਨੂੰ ਕਬੂਲ ਕਰਨ ਵਿਚ ਅਸਫ਼ਲ ਹੋ ਚੁੱਕਾ ਹੈ। ਹਾਲਾਂਕਿ ਉਹ ਵੇਖਣ ਦਾ ਦਾਅਵਾ ਕਰ ਸਕਦਾ ਹੈ, ਰਸੂਲ ਨੇ ਕਿਹਾ ਹੈ ਕਿ ਉਹ "ਅੰਨ੍ਹਾ" ਹੈ। ਸਮਝਣ ਵਿਚ ਅਸਫ਼ਲਤਾ ਦੇ ਲਈ ਅੰਨ੍ਹਾਪਣ ਇਕ ਆਮ ਰੂਪਕ ਹੈ (ਵੇਖੋ 2 ਕੁਰਿੰਥੀਆਂ 4:4)।

ਇਸ ਵਾਕ ਵਿਚ ਸ਼ਬਦਾਂ ਦਾ ਸੁਮੇਲ ਅਜੀਬ ਹੈ। ਚੰਗੇ ਤੋਂ ਚੰਗੇ ਹਾਲਾਤਾਂ ਵਿਚ "ਅੰਨ੍ਹਾ ਅਤੇ ਉਹ ਜਿਸ ਨੂੰ ਮੋਟਾ ਵਿਖਾਈ ਦਿੰਦਾ ਹੈ" ਲਿਖਣਾ ਵਿਅਰਥ ਹੈ। ਮਾੜੇ ਤੋਂ ਮਾੜੇ ਹਾਲਤਾਂ ਵਿਚ ਇਹ ਖੰਡਨਾਤਮਕ ਹੈ। "ਉਹ ਵਿਅਕਤੀ ਜਿਸ ਨੂੰ ਮੋਟਾ ਵਿਖਾਈ ਦਿੰਦਾ ਹੈ" ਕੁਝ ਹੱਦ ਤੱਕ ਵੇਖ ਸਕਦਾ ਹੈ। ਕੋਈ ਵੀ ਵਿਅਕਤੀ ਇੱਕੋ ਸਮੇਂ "ਅੰਨ੍ਹਾ" ਅਤੇ "ਉਹ ਜਿਸ ਨੂੰ ਮੋਟਾ ਵਿਖਾਈ ਦਿੰਦਾ ਹੈ" ਨਹੀਂ ਹੋ ਸਕਦਾ। ਅਨੁਵਾਦ ਕੀਤਾ ਗਿਆ ਸ਼ਬਦ "ਉਹ ਨੂੰ ਮੋਟਾ ਵਿਖਾਈ ਦਿੰਦਾ ਹੈ" (μυωπάζω, *ਮੁਪਾਜ਼ੋ*) ਦੁਰਲੱਭ ਹੈ। ਇਹ ਨਵੇਂ ਨੇਮ ਵਿਚ ਸਿਰਫ ਦੋ ਵਾਰ ਆਉਂਦਾ ਹੈ। ਸ਼ਬਦ-ਬੋਧ ਦੇ ਆਧਾਰ ਤੇ, ਕੁਝ ਲੋਕਾਂ ਨੇ ਦਲੀਲ ਦਿੱਤੀ ਹੈ ਕਿ ਇਸ ਦਾ ਅਰਥ ਹੈ "ਅੱਖ ਝਪਕਣਾ" ਜਾਂ "ਅੱਖਾਂ ਬੰਦ ਕਰਨਾ।" ਵਿਚਾਰ ਇਹ ਹੋਵੇਗਾ ਕਿ ਵਿਅਕਤੀ ਸੱਚਾਈਆਂ ਅਤੇ ਮਸੀਹੀ ਸਿੱਖਿਆ ਦੀਆਂ ਮੰਗਾਂ ਦੇ ਪ੍ਰਤੀ ਆਪਣੀਆਂ ਅੱਖਾਂ ਨੂੰ ਬੰਦ ਕਰਕੇ ਜਾਣਬੁੱਝ ਕੇ ਅੰਨ੍ਹਾ ਬਣ ਜਾਂਦਾ ਹੈ। ਜਦ ਕਿ ਇਹ ਵਿਆਖਿਆ ਆਕਰਸ਼ਕ ਹੈ, ਸ਼ਬਦ-ਬੋਧ ਇਕ ਸ਼ਬਦ ਨੂੰ ਪਰਿਭਾਸ਼ਿਤ ਕਰਨ ਦਾ ਖ਼ਤਰਨਾਕ ਤਰੀਕਾ ਹੈ। ਜੇਕਰ ਪਤਰਸ ਨੇ

ਇੱਛਾਪੂਰਨ ਅੰਨ੍ਹੇਪਣ ਦਾ ਹਵਾਲਾ ਦਿੱਤਾ ਸੀ, ਉਹ ਸ਼ਬਦ ਦੀ ਇਸ ਤਰੀਕੇ ਨਾਲ ਵਰਤੋਂ ਕਰ ਰਿਹਾ ਸੀ ਜੋ ਸਮਕਾਲੀਨ ਵਰਤੋਂ ਲਈ ਅਣਜਾਣ ਹੈ। ਸੰਭਵ ਤੌਰ ਤੇ ਰਸੂਲ ਦਾ ਇਰਾਦਾ ਅੰਨ੍ਹੇਪਣ ਦੇ ਸੁਭਾਅ ਨੂੰ ਸਪੱਸ਼ਟ ਕਰਨ ਦਾ ਸੀ। ਭਾਵ ਇਹ ਹੈ ਕਿ "ਅਜਿਹੇ ਵਿਅਕਤੀ ਨੂੰ ਇੰਨਾ ਮੋਟਾ ਵਿਖਾਈ ਦਿੰਦਾ ਹੈ ਕਿ ਉਹ ਅੰਨ੍ਹੇਪਣ ਤੀਕ ਪਹੁੰਚ ਜਾਂਦਾ ਹੈ।" ਅਜਿਹੀ ਵਿਆਖਿਆ ਪਰਤੱਖ ਰੂਪ ਵਿਚ ਉਹ ਕਾਰਣ ਹੈ ਜਿਸ ਕਰਕੇ NIV ਬਾਈਬਲ ਸ਼ਬਦਾਂ ਦੀ ਤਰਤੀਬ ਨੂੰ ਉਲਟਾ ਕਰ ਦਿੰਦੀ ਹੈ।

"ਜਿਨ੍ਹਾਂ ਨੂੰ ਮੋਟਾ ਵਿਖਾਈ ਦਿੰਦਾ ਹੈ" ਉਨ੍ਹਾਂ ਬਾਰੇ ਪੌਲੁਸ ਕੀ ਕਹਿ ਰਿਹਾ ਸੀ? ਇਹ ਰੂਪਕ ਕਿਸ ਤਰ੍ਹਾਂ ਦੀ ਤਸਵੀਰ ਪੇਸ਼ ਕਰਦਾ ਹੈ? "ਜਿਸ ਮਨੁੱਖ ਨੂੰ ਮੋਟਾ ਵਿਖਾਈ ਦਿੰਦਾ ਹੈ" ਉਹ ਸਿਰਫ ਉਨ੍ਹਾਂ ਚੀਜ਼ਾਂ ਨੂੰ ਵੇਖਦਾ ਹੈ ਜੋ ਨੇੜੇ ਹੁੰਦੀਆਂ ਹਨ। ਉਹ ਨਜ਼ਦੀਕੀ ਪ੍ਰਭਾਵਾਂ ਨੂੰ ਵੇਖਦਾ ਹੈ। ਉਹ ਉਸ ਪਲ ਦੇ ਰੋਮਾਂਚ, ਪ੍ਰਵਾਨਗੀ ਜਾਂ ਸੰਤੁਸ਼ਟੀ ਨੂੰ ਵੇਖਦਾ ਹੈ। ਉਸ ਦੇ ਕੋਲ ਮਸੀਹੀ ਚਰਿੱਤਰ ਦੀ ਡੂੰਘਿਆਈ, ਮਸੀਹੀ ਸਿੱਖਿਆ ਦੇ ਭਾਵ ਅਰਥਾਂ ਦੀ ਸਮਝ ਨਹੀਂ ਹੈ। ਉਸ ਦੇ ਲਈ ਸਿੱਖਿਆ ਇਕ ਦੁੱਖਦਾਈ ਮੋੜ ਹੈ। ਉਹ ਸੋਚਣਾ ਨਹੀਂ ਚਾਹੁੰਦਾ; ਉਹ ਪਰਮੇਸ਼ੁਰ ਵੱਲ ਨੂੰ ਆਪਣੇ ਰਾਹ ਨੂੰ ਮਹਿਸੂਸ ਕਰਨਾ ਚਾਹੁੰਦਾ ਹੈ। ਭਾਵਨਾਤਮਕ ਅਨੁਭਵ ਮਨ ਦੇ ਇਕਰਾਰ ਲਈ ਬਦਲ ਹੈ। ਇਕ ਵਸਤੂ ਬਾਰੇ ਉਹ ਕਿਵੇਂ ਦਾ ਮਹਿਸੂਸ ਕਰਦਾ ਹੈ ਉਸ ਨਾਲੋਂ ਜ਼ਿਆਦਾ ਮਹੱਤਵਪੂਰਣ ਹੈ ਜੋ ਪਰਮੇਸ਼ੁਰ ਨੇ ਕਿਹਾ ਹੈ। ਜੋ ਪਰਮੇਸ਼ੁਰ ਨੇ ਕਿਹਾ ਹੈ ਉਹ ਨਹੀਂ ਜਾਣਦਾ, ਨਾ ਹੀ ਜਾਣਨ ਦੀ ਪਰਵਾਹ ਕਰਦਾ ਹੈ। ਬਦਕਿਸਮਤੀ ਨਾਲ, ਉਹ ਜਿਸ ਨੂੰ ਮੋਟਾ ਵਿਖਾਈ ਦਿੰਦਾ ਹੈ ਉਸ ਦਾ ਬਿਲਕੁਲ ਸਹੀ ਵਰਣਨ ਹੈ ਜੋ ਸਮਕਾਲੀ ਪੱਛਮੀ ਸੱਭਿਆਚਾਰ ਵਿਚ ਮਸੀਹੀਅਤ ਵਿਚ ਹੁੰਦਾ ਹੈ।

"ਮੋਟਾ ਵਿਖਾਈ ਦੇਣਾ" ਨਾ ਸਿਰਫ ਮਸੀਹੀ ਗੁਣਾਂ ਦਾ ਪਾਲਨ ਕਰਨ ਵਿਚ ਅਸਫ਼ਲ ਹੋਣਾ ਹੈ, ਇਹ ਨਾਸ਼ੁਕਰੇਪਣ ਦਾ ਸੰਕੇਤ ਵੀ ਹੈ। ਇਹੋ ਜਿਹਾ ਵਿਅਕਤੀ **ਭੁੱਲ ਗਿਆ ਹੈ ਭਈ ਮੈਂ ਆਪਣੇ ਅਗਲੇ ਪਾਪਾਂ ਤੋਂ ਸ਼ੁੱਧ ਕੀਤਾ ਗਿਆ ਸਾਂ**। ਭਗਤੀ ਵਾਲਾ ਜੀਵਨ ਕਾਫੀ ਹੱਦ ਤੱਕ ਯਾਦਗਾਰ ਅਤੇ ਧੰਨਵਾਦ ਦਾ ਫਲ ਹੈ। ਇਸਰਾਏਲ ਨੇ ਇਹ ਯਾਦ ਕਰਦੇ ਹੋਏ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਮਿਸਰ ਵਿੱਚੋਂ ਛੁਡਾਇਆ ਸੀ ਸਬਤ ਨੂੰ ਮੰਨਣਾ ਸੀ (ਬਿਵਸਥਾ ਸਾਰ 5:15)। ਲੋਕਾਂ ਨੂੰ ਬੇਸਹਾਰਾ ਅਤੇ ਕਮਜ਼ੋਰਾਂ ਦੇ ਪ੍ਰਤੀ ਦਿਆਲੂ ਬਣਨ ਦਾ ਹੁਕਮ ਦੇਣ ਤੋਂ ਬਾਅਦ, ਮੂਸਾ ਨੇ ਲਿਖਿਆ, "ਚੇਤੇ ਰੱਖੋ, ਤੁਸੀਂ ਮਿਸਰ ਦੇਸ ਵਿੱਚ ਗੁਲਾਮ ਸਾਓ ਅਤੇ ਯਹੋਵਾਹ ਤੁਹਾਡੇ ਪਰਮੇਸ਼ੁਰ ਨੇ ਤੁਹਾਨੂੰ ਛੁਟਕਾਰਾ ਦਿੱਤਾ" (ਬਿਵਸਥਾ ਸਾਰ 15:15)। ਉਹ ਵਿਅਕਤੀ ਜਿਹੜਾ ਭਗਤੀ ਦਾ ਇਕਰਾਰ ਕਰਦਾ ਹੈ ਪਰ ਉਸ ਦੇ ਵਿਚ ਮਸੀਹੀ ਗੁਣਾਂ ਦੀ ਘਾਟ ਹੈ "ਭੁੱਲ ਗਿਆ ਹੈ" ਕਿ ਪਰਮੇਸ਼ੁਰ ਨੇ ਉਸ ਨੂੰ ਸ਼ੁੱਧ ਕੀਤਾ ਹੈ ਤਾਂ ਜੋ ਉਹ ਈਸ਼ੁਰੀ ਸੁਭਾਉ ਨੂੰ ਲੈ ਸਕੇ (1:4)। ਉਸ ਦਾ ਲਗਾਤਾਰ ਪਾਪ ਕਰਨਾ ਇਹ ਵਿਖਾਉਂਦਾ ਹੈ ਕਿ ਉਹ "ਭੁੱਲ ਗਿਆ ਹੈ" ਕਿ ਪ੍ਰਭੂ ਨੇ ਉਸ ਨੂੰ ਪਵਿੱਤਰ ਜੀਉਣ ਦੇ ਲਈ ਸੱਦਿਆ ਹੈ।

## ਸਦੀਪਕ ਰਾਜ ਵਿਚ ਪ੍ਰਵੇਸ਼ ਕਰਨਾ (1:10, 11)

**[10]ਇਸ ਕਾਰਨ ਹੇ ਭਰਾਵੋ, ਆਪਣੇ ਸੱਦੇ ਜਾਣ ਅਤੇ ਚੁਣੇ ਜਾਣ ਨੂੰ ਪੱਕਿਆਂ ਕਰਨ ਦਾ
ਹੋਰ ਭੀ ਜਤਨ ਕਰੋ ਕਿਉਂਕਿ ਜੇ ਤੁਸੀਂ ਏਹ ਕੰਮ ਕਰੋ ਤਾਂ ਕਦੇ ਠੇਡਾ ਨਾ ਖਾਓਗੇ।
[11]ਕਿਉਂ ਜੋ ਇਸੇ ਪਰਕਾਰ ਤੁਹਾਨੂੰ ਸਾਡੇ ਪ੍ਰਭੂ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੇ**

**ਸਦੀਪਕ ਰਾਜ ਵਿੱਚ ਵੱਡੀ ਖੁਲ੍ਹ ਨਾਲ ਪਰਵੇਸ਼ ਕਰਨਾ ਮਿਲੇਗਾ।**

ਸੱਦੇ ਅਤੇ ਸ਼ੁੱਧ ਕੀਤੇ ਜਾਣ ਤੋਂ ਬਾਅਦ, ਮਸੀਹੀ ਲੋਕਾਂ ਦੇ ਲਈ ਆਪਣੇ ਚੁਣੇ ਜਾਣ ਨੂੰ ਗੁਆਉਣਾ ਸੰਭਵ ਹੈ। ਪਤਰਸ ਦੇ ਪਾਠਕਾਂ ਨੇ ਮਸੀਹੀ ਸਫ਼ਰ ਨੂੰ ਸ਼ੁਰੂ ਕੀਤਾ ਸੀ, ਪਰ ਝੂਠੇ ਗੁਰੂਆਂ ਨੇ ਉਨ੍ਹਾਂ ਦੇ ਰਾਹ ਵਿਚ ਕੁਝ ਗੰਭੀਰ ਰੁਕਾਵਟਾਂ ਖੜ੍ਹੀਆਂ ਕਰ ਦਿੱਤੀਆਂ ਸਨ। ਉਹ ਮਸੀਹੀਅਤ ਨੂੰ ਉਨ੍ਹਾਂ ਲੋਕਾਂ ਦੇ ਇਕ ਚੰਗੇ ਸਮੂਹ ਤੱਕ ਸੀਮਤ ਰੱਖਣ ਲਈ ਪਰਤਾਏ ਗਏ ਸਨ ਜਿਹੜਾ ਇੱਧਰ-ਉੱਧਰ ਬੈਠ ਕੇ ਪਰਮੇਸ਼ੁਰ ਦੇ ਰਾਹਾਂ ਬਾਰੇ ਵਿਚਾਰ ਵਟਾਂਦਰਾ ਕਰਦਾ ਹੈ। ਪਰਮੇਸ਼ੁਰ ਵਧੇਰੇ ਮੰਗ ਕਰਦਾ ਹੈ। ਜੀਵਨ ਦਾ ਸੁਧਾਰ ਨਿਹਚਾ ਦੇ ਇਕਰਾਰ ਦਾ ਇਕ ਜ਼ਰੂਰੀ ਪਰਿਣਾਮ ਹੈ। ਪਰਮੇਸ਼ੁਰ ਨੇ ਸੱਦਿਆ ਹੈ; ਮਸੀਹੀ ਵਿਅਕਤੀ ਨੂੰ ਉਸ ਸੱਦੇ ਦਾ ਜਵਾਬ ਦੇਣਾ ਚਾਹੀਦਾ ਹੈ। ਉੱਦਮ ਸਮੇਂ ਦੀ ਦਰਕਾਰ ਹੈ।

**ਆਇਤ 10.** ਆਪਣੇ ਬੋਲਾਂ ਅਤੇ ਪੱਤ੍ਰੀਆਂ ਵਿਚ ਮਹੱਤਵਪੂਰਣ ਮੋੜ ਤੇ, ਪਤਰਸ ਨੂੰ **ਭਾਈਓ** ਸ਼ਬਦ (ਰਸੂਲਾਂ ਦੇ ਕਰਤੱਬ 2:29; 3:17; 15:7) ਜਾਂ ਇਹੋ ਜਿਹਾ ਹੀ ਸ਼ਬਦ "ਪਿਆਰਿਓ" (1 ਪਤਰਸ 2:11; 4:12; 2 ਪਤਰਸ 3:1, 8, 14, 17) ਲਿਖਣ ਦੀ ਆਦਤ ਸੀ। "ਭਾਈਓ" ਸ਼ਬਦ ਇਕ ਤਾਕੀਦ ਹੈ ਕਿ ਰਸੂਲ ਆਪਣੇ ਪਾਠਕਾਂ ਨਾਲ ਇਕ ਦਿਲ ਅਤੇ ਇਕ ਮਨ ਸੀ। ਉਸ ਦੀ ਅਪੀਲ ਵਿਚ ਗੁੱਝਾ ਉਦੇਸ਼, ਗੁਪਤ ਕਾਰਜਕ੍ਰਮ ਨਹੀਂ ਸੀ। ਰਸੂਲ ਨੇ ਕਿਹਾ, ਪਰਮੇਸ਼ੁਰ ਨੇ ਉਨ੍ਹਾਂ ਨੂੰ ਸੱਦਿਆ ਸੀ। ਪਰਮੇਸ਼ੁਰ ਨੇ ਉਨ੍ਹਾਂ ਨੂੰ ਆਪਣੇ ਵੱਡੇ-ਵੱਡੇ ਵਾਅਦੇ ਦਿੱਤੇ ਸਨ। ਉਸ ਨੇ ਉਨ੍ਹਾਂ ਨੂੰ ਆਪਣੇ ਈਸ਼ੁਰੀ ਸੁਭਾਉ ਵਿਚ ਸਾਂਝੀ ਬਣਾਇਆ ਸੀ, ਪਰ ਉਨ੍ਹਾਂ ਨੇ ਆਪਣੀਆਂ ਬਰਕਤਾਂ ਦਾ ਹਲਕੇ ਢੰਗ ਨਾਲ ਨਿੱਘ ਨਹੀਂ ਸੀ ਮਾਣਨਾ।

ਦੁਸ਼ਮਣ ਸ਼ਕਤੀਸ਼ਾਲੀ ਹੈ। ਸੱਦੇ ਅਤੇ ਚੁਣੇ ਜਾਣ ਨੂੰ ਹਲਕੇ ਵਿਚ ਨਹੀਂ ਲੈਣਾ ਹੈ। ਮੁਕਤੀ ਜਿਹੜੀ ਪ੍ਰਾਪਤ ਹੋਈ ਹੈ ਖੁੱਸ ਵੀ ਸਕਦੀ ਹੈ। **ਇਸ ਕਾਰਨ**, ਰਸੂਲ ਨੇ ਕਿਹਾ, **ਹੋਰ ਭੀ ਜਤਨ ਕਰੋ**। 5 ਤੋਂ 9 ਆਇਤਾਂ ਨੂੰ ਜਤਨ ਕਰਨ ਦੀ ਅਪੀਲ ਕਰਦਿਆਂ ਬਰੈਕਟ ਵਿਚ ਲਿਖਿਆ ਗਿਆ ਹੈ।

ਨਵੇਂ ਨੇਮ ਵਿਚ ਬੜੀ ਮੁਸ਼ਕਲ ਹੀ ਕੋਈ ਇਹੋ ਜਿਹੀ ਆਇਤ ਹੈ ਜਿਸ ਵਿਚ ਪਰਮੇਸ਼ੁਰ ਦੀ ਪ੍ਰਭੂਤਾ ਨੂੰ ਮਨੁੱਖ ਦੀਆਂ ਅਜ਼ਾਦ ਚੋਣਾਂ ਨਾਲ ਇਸ ਆਇਤ ਨਾਲੋਂ ਕਿਸੇ ਹੋਰ ਵਿਚ ਜ਼ਿਆਦਾ ਬਰੀਕ ਢੰਗ ਨਾਲ ਰੱਖਿਆ ਗਿਆ ਹੋਵੇ। ਪਾਪ ਵਿਚ ਗੁਆਚੇ ਮਨੁੱਖ ਮਸੀਹ ਕੋਲ ਆਉਂਦੇ ਹਨ ਅਤੇ ਪਰਮੇਸ਼ੁਰ ਦੁਆਰਾ **ਸੱਦੇ ਜਾਣ ਅਤੇ ਚੁਣੇ ਜਾਣ** ਰਾਹੀਂ ਜੀਵਨ ਪਾਉਂਦੇ ਹਨ। ਸਵਾਲ ਇਹ ਹੈ ਕਿ ਪਰਮੇਸ਼ੁਰ ਆਪਣੇ ਰਾਜ ਲਈ ਲੋਕਾਂ ਨੂੰ ਕਿਵੇਂ "ਸੱਦਦਾ ਅਤੇ ਚੁਣਦਾ ਹੈ"। ਕੀ ਉਸ ਦੀ ਚੋਣ ਆਪਹੁਦਰੀ, ਈਸ਼ੁਰੀ ਹੁਕਮ, ਇਕ ਉੱਤਮ ਚੋਣ ਹੈ ਜੋ ਬੀਤੇ ਸਦੀਪਕ ਕਾਲ ਵਿਚ ਕੀਤੀ ਗਈ ਸੀ, ਜਾਂ ਪਰਮੇਸ਼ੁਰ ਖੁਸ਼ਖ਼ਬਰੀ ਦੇ ਰਾਹੀਂ ਸੱਦਦਾ ਅਤੇ ਚੁਣਦਾ ਹੈ? ਜੇਕਰ ਬਾਅਦ ਵਾਲੀ ਗੱਲ ਸਹੀ ਹੈ, ਇਸ ਦਾ ਅਰਥ ਇਹ ਹੈ ਕਿ ਹਰ ਵਿਅਕਤੀ ਜਿਹੜਾ ਮਸੀਹ ਦੇ ਸੰਦੇਸ਼ ਨੂੰ ਸੁਣਦਾ ਹੈ ਇਕ ਫ਼ੈਸਲਾ ਲੈਣ ਦੇ ਲਈ ਸੱਦਿਆ ਜਾਂਦਾ ਹੈ। ਜਿਹੜੇ ਲੋਕ ਵਿਸ਼ਵਾਸ ਕਰਦੇ ਅਤੇ ਉਸ ਦੇ ਸੰਦੇਸ਼ ਦਾ ਪਾਲਣ ਕਰਦੇ ਹਨ, ਸੱਚਮੁੱਚ ਸੱਦੇ ਅਤੇ ਚੁਣੇ ਜਾਂਦੇ ਹਨ। ਪਰਮੇਸ਼ੁਰ ਦਾ ਸੱਦਾ ਇਕ ਮਾਂ ਦੇ ਸੱਦੇ ਨਾਲ ਮਿਲਦਾ-ਜੁਲਦਾ ਹੈ ਜਿਹੜੀ ਆਪਣੇ ਦੋ ਬੱਚਿਆਂ ਨੂੰ ਭੋਜਨ ਕਰਨ ਦੇ ਲਈ ਸੱਦਦੀ ਹੈ। ਉਨ੍ਹਾਂ ਵਿੱਚੋਂ ਇਕ ਰੁੱਝਿਆ ਹੋਇਆ ਹੈ ਅਤੇ ਨਹੀਂ ਆਉਂਦਾ। ਦੂਜਾ ਬੱਚਾ ਭੱਜਾ-ਭੱਜਾ ਮੇਜ਼ ਦੇ ਕੋਲ ਆਉਂਦਾ ਹੈ। ਇਕ ਭਾਵ ਵਿਚ ਉਸ ਨੇ ਦੋਹਾਂ ਨੂੰ ਸੱਦਿਆ ਸੀ, ਪਰ ਸਿਰਫ ਉਹੋ ਜਿਹੜਾ ਮੇਜ਼

ਉੱਤੇ ਆ ਕੇ ਬੈਠਾ ਸੀ ਸਹੀ ਢੰਗ ਨਾਲ ਸੱਦਿਆ ਹੋਇਆ ਸੀ।

ਥੱਸਲੁਨੀਕੇ ਦੇ ਮਸੀਹੀ ਲੋਕ, ਪੌਲੁਸ ਨੇ ਕਿਹਾ, ਖੁਸ਼ਖ਼ਬਰੀ ਸੁਣਾਉਣ ਦੁਆਰਾ ਸੱਦੇ ਗਏ ਸਨ (2 ਥੱਸਲੁਨੀਕੀਆਂ 2:14)। ਪਰਮੇਸ਼ੁਰ ਨੇ ਪਹਿਲ ਕੀਤੀ ਸੀ। ਉਹ ਸਾਰੀ ਮਨੁੱਖਜਾਤੀ ਦੇ ਲਈ ਉਨ੍ਹਾਂ ਦੇ ਕੋਲ ਇਕ ਸੰਦੇਸ਼ ਨੂੰ ਲੈ ਕੇ ਪਹੁੰਚਿਆ ਸੀ। ਉਹ ਜਿਹੜਾ ਸੁਣਦਾ ਹੈ ਜਾਂ ਤਾਂ ਖੁਸਖ਼ਬਰੀ ਨੂੰ ਮੰਨਦਾ ਹੈ ਜਾਂ ਇਸ ਦਾ ਇਨਕਾਰ ਕਰ ਦਿੰਦਾ ਹੈ (ਰੋਮੀਆਂ 2:8; 2 ਥੱਸਲੁਨੀਕੀਆਂ 1:8; 1 ਪਤਰਸ 4:17)। ਪੌਲੁਸ ਨੇ ਇਸ ਆਇਤ ਵਿਚ ਫਿਰ ਵੀ ਇਕ ਵਿਚਾਰ ਵਿਕਸਤ ਕੀਤਾ। ਉਸ ਨੇ ਕਿਹਾ ਕਿ ਵਿਸ਼ਵਾਸੀ ਨੂੰ "ਨਿਹਚਾ ਦੀ ਆਗਿਆਕਾਰੀ" ਦੇ ਲਈ ਸਿਰਫ ਸੰਕੋਚ ਕਰਨ ਵਾਲਾ ਫ਼ੈਸਲਾ ਨਹੀਂ ਲੈਣਾ ਚਾਹੀਦਾ (ਰੋਮੀਆਂ 1:5; 16:26), ਪਰ ਉਸ ਨੂੰ ਆਪਣੇ "ਸੱਦੇ ਜਾਣ ਅਤੇ ਚੁਣੇ ਜਾਣ" ਨੂੰ **ਪੱਕਿਆਂ ਕਰਨ** ਦਾ "ਜਤਨ" ਵੀ ਕਰਨਾ ਚਾਹੀਦਾ ਹੈ। ਖੁਸ਼ਖ਼ਬਰੀ ਦੇ ਆਗਿਆਵਾਚਕਾਂ ਦੇ ਪ੍ਰਤੀ ਮਨੁੱਖੀ ਜਵਾਬ ਫ਼ੈਸਲਾ ਲੈਣ ਵਾਲਾ ਪਹਿਲੂ ਹੈ ਨਾ ਸਿਰਫ ਪਰਮੇਸ਼ੁਰ ਦਾ ਸੱਦਿਆ ਹੋਇਆ ਬਣਨ ਪਰ ਸੱਦਿਆ ਹੋਏ ਬਣੇ ਰਹਿਣ ਵਿਚ ਵੀ।

NASB ਬਾਈਬਲ ਆਪਣੇ ਅਨੁਵਾਦ ਵਿਚ ਨਾ ਸਿਰਫ "ਉਹ" ਸ਼ਬਦ ਜੋੜਦੀ ਹੈ, ਇਹ ਵੱਡੇ ਅੱਖਰ ਨਾਲ ਸ਼ਬਦ-ਜੋੜ ਕਰਦੀ ਹੈ ਜੋ ਇਸ ਗੱਲ ਦਾ ਵਿਚਾਰ ਦਿੰਦਾ ਹੈ ਕਿ ਸੱਦਣ ਵਿਚ ਪਰਮੇਸ਼ੁਰ ਦਾ ਕਾਰਜ ਵਿਵਾਦ ਵਾਲਾ ਵਿਸ਼ਾ ਹੈ। ਦਰਅਸਲ, ਸ਼ਬਦਾਂ ਨਾਲ ਜੁੜਿਆ ਹੋਇਆ ਇਕਮਾਤਰ ਪੜਨਾਂਵ "ਆਪਣਾ" ਮੱਧਮ ਪੁਰਖ ਪੜਨਾਂਵ ਹੈ। ਇਸ ਤੋਂ ਇਲਾਵਾ, "ਕਰੋ" ਕਿਰਿਆ ਯੂਨਾਨੀ ਮੱਧ ਅਭਿਵਿਅਕਤੀ "ਆਪਣੇ ਲਈ ਪੱਕਿਆਂ ਕਰੋ" ਹੈ। ਇਸ ਉਦਾਹਰਣ ਵਿਚ, NASB ਅਨੁਵਾਦਕਾਂ ਦਾ ਕੈਲਵਿਨਿਸਟਿਕ ਪੱਖਪਾਤ ਪਰਤੱਖ ਹੈ। ਪਿਛਲੀ ਆਇਤ ਵਿਚ (1:9), ਵਿਸ਼ਾ ਵਿਅਕਤੀਗਤ ਵਿਸ਼ਵਾਸੀ ਸੀ। ਪਤਰਸ ਵਿਸ਼ਵਾਸੀਆਂ ਨੂੰ ਉਸ "ਸੱਦੇ ਜਾਣ ਅਤੇ ਚੁਣੇ ਜਾਣ" ਨੂੰ ਪੱਕਿਆਂ ਕਰਨ ਦਾ ਜਤਨ ਕਰਨ ਦੀ ਬੇਨਤੀ ਕਰ ਰਿਹਾ ਸੀ ਜਿਸ ਦਾ ਅਨੁਭਵ ਉਨ੍ਹਾਂ ਨੇ ਉਦੋਂ ਕੀਤਾ ਸੀ ਜਦੋਂ ਉਹ ਮਸੀਹ ਵਿਚ ਆਏ ਸਨ। ਇਨ੍ਹਾਂ ਸ਼ਬਦਾਂ ਦਾ ਉੱਤਮ ਅਨੁਵਾਦ ਕੁਝ ਇਸ ਤਰ੍ਹਾਂ ਹੈ, "ਆਪਣੇ ਸੱਦੇ ਜਾਣ ਅਤੇ ਚੁਣੇ ਜਾਣ ਨੂੰ ਪੱਕਿਆਂ ਕਰਨ ਦੇ ਲਈ ਉੱਤਮ ਤੋਂ ਉੱਤਮ ਜਤਨ ਕਰਨ ਦੇ ਲਈ ਉੱਦਮੀ ਬਣੋ।"

ਆਪਣੀ ਗੱਲ ਤੇ ਜ਼ੋਰ ਦੇਣ ਲਈ, ਪਤਰਸ ਨੇ ਲਿਖਿਆ, **ਕਿਉਂਕਿ ਜੇ ਤੁਸੀਂ ਏਹ ਕੰਮ ਕਰੋ ਤਾਂ ਕਦੇ ਠੇਡਾ ਨਾ ਖਾਓਗੇ।** ਠੇਡਾ ਖਾਣ ਦੀ ਸੰਭਾਵਨਾ ਅਸਲੀ ਸੀ। ਕਈ ਵਾਰ ਲੋਕ "ਸਚਿਆਈ ਦੇ ਰਾਹੋਂ ਖੁੰਝ" ਜਾਂਦੇ ਹਨ (2 ਤਿਮੋਥਿਉਸ 2:17, 18)। ਇਸੇ ਕਰਕੇ ਪਤਰਸ ਨੇ ਜਤਨ ਕਰਨ ਦੀ ਬੇਨਤੀ ਕੀਤੀ ਸੀ। ਕਿੰਨੀ ਦੇਰ ਤੱਕ ਪਤਰਸ ਦੇ ਪਾਠਕ ਪਰਮੇਸ਼ੁਰ ਦੇ "ਸੱਦੇ ਜਾਣ ਅਤੇ ਚੁਣੇ ਜਾਣ" ਦਾ ਅਨੰਦ ਮਾਣਨਗੇ? ਪਤਰਸ ਨੇ ਜਵਾਬ ਦਿੱਤਾ, "ਜਿੰਨੀ ਦੇਰ ਤੱਕ ਤੁਸੀਂ ਏਹ ਕੰਮ ਕਰੋ।" ਭਾਵ ਅਰਥ ਇਹ ਹੈ ਕਿ "ਏਹ ਕੰਮ" ਕਰਨ ਵਿਚ ਅਸਫ਼ਲ ਹੋਣ ਦਾ ਨਤੀਜਾ ਇਹ ਹੋਵੇਗਾ ਕਿ ਉਹ "ਆਪਣੇ ਸੱਦੇ ਜਾਣ ਅਤੇ ਚੁਣੇ ਜਾਣ" ਤੋਂ ਖੁੰਝ ਜਾਣਗੇ। "ਏਹ ਕੰਮ" ਉਹ ਮਸੀਹੀ ਗੁਣ ਹਨ ਜੋ ਪਤਰਸ ਨੇ ਪਿਛਲੀਆਂ ਆਇਤਾਂ ਵਿਚ ਦੱਸੇ ਸਨ। ਮਸੀਹੀ ਹੋਣਾ ਇਕ ਬੌਧਕ ਖੇਡ ਨਹੀਂ ਹੈ। ਇਸ ਦਾ ਸੰਬੰਧ ਸਹੀ ਵਾਕਾਂ ਨੂੰ ਪ੍ਰਾਪਤ ਕਰਨ ਨਾਲੋਂ ਵੱਧ ਕੇ ਹੈ। ਇਹ ਉਸ ਚਰਿੱਤਰ ਦਾ ਨਿਰਮਾਣ ਕਰਨਾ ਹੈ ਜੋ ਮਸੀਹੀ ਅਤੇ ਉਸ ਦੀਆਂ ਸਿੱਖਿਆਵਾਂ ਦੇ ਅਨੁਕੂਲ ਹੈ।

**ਆਇਤ 11.** ਜਦੋਂ ਵਿਸ਼ਵਾਸੀ "ਏਹ ਕੰਮ" ਕਰੇਗਾ, ਉਹ "ਕਦੇ ਠੇਡਾ ਨਹੀਂ ਖਾਵੇਗਾ।"

**ਇਸੇ ਪਰਕਾਰ ਸਦੀਪਕ ਰਾਜ ਵਿੱਚ ਵੱਡੀ ਖੁਲ੍ਹ ਨਾਲ ਪਰਵੇਸ਼** ਮਿਲਿਆ ਹੈ। ਕਲੀਸੀਆ ਦੇ ਲਈ ਜਿੰਨੇ ਵੀ ਰੂਪਕ ਵਰਤੇ ਗਏ ਹਨ (ਉਦਾਹਰਣ ਦੇ ਲਈ, "ਦੇਹ," "ਪਰਿਵਾਰ," "ਘਰਾਣਾ," "ਹੈਕਲ ") "ਰਾਜ" ਉਨ੍ਹਾਂ ਸਭਨਾਂ ਵਿੱਚੋਂ ਆਮ ਵਰਤਿਆ ਜਾਣ ਵਾਲਾ ਸ਼ਬਦ ਹੈ। ਨਬੀਆਂ ਨੇ ਇਕ ਰਾਜ ਦੀ ਉਡੀਕ ਕੀਤੀ ਸੀ ਜਿੱਥੇ ਸ਼ਾਂਤੀ ਰਾਜ ਕਰੇਗੀ (ਵੇਖੋ ਯਸਾਯਾਹ 9:6, 7)। ਯੂਹੰਨਾ ਬਪਤਿਸਮਾ ਦੇਣ ਵਾਲਾ ਇਹ ਪ੍ਰਚਾਰ ਕਰਦਾ ਹੋਇਆ ਆਇਆ ਸੀ, "ਸੁਰਗ ਦਾ ਰਾਜ ਨੇੜੇ ਹੈ।" (ਮੱਤੀ 3:2)। ਪੌਲੁਸ ਦੇ ਅਨੁਸਾਰ, ਪਰਮੇਸ਼ੁਰ ਨੇ ਸਾਨੂੰ "ਆਪਣੇ ਪਿਆਰੇ ਪੁੱਤ੍ਰ ਦੇ ਰਾਜ ਵਿੱਚ ਪੁਚਾ ਦਿੱਤਾ" (ਕੁਲੁੱਸੀਆਂ 1:13)। ਨਵੇਂ ਨੇਮ ਵਿਚ ਸਿਰਫ ਇੱਥੇ ਹੀ ਕਲੀਸੀਆ ਨੂੰ "ਸਦੀਪਕ ਰਾਜ ਕਿਹਾ ਗਿਆ ਹੈ,"[2] ਹਾਲਾਂਕਿ ਵਿਸ਼ੇਸ਼ਣ ਨੂੰ ਆਮ ਤੌਰ ਤੇ ਸਦੀਪਕ ਵਡਿਆਈ (2 ਕੁਰਿੰਥੀਆਂ 4:17), ਸਦਾ ਦੀ ਗਤੀ (ਇਬਰਾਨੀਆਂ 5:9) ਵਰਗੀਆਂ ਹੋਰਨਾਂ ਚੀਜ਼ਾਂ ਤੇ ਲਾਗੂ ਕੀਤਾ ਜਾਂਦਾ ਹੈ। "ਸਦੀਪਕ ਰਾਜ" ਯਿਸੂ ਦੇ ਜੀ ਉੱਠਣ ਤੋਂ ਬਾਅਦ ਪਹਿਲੇ ਪੰਤੇਕੁਸਤ ਤੇ ਹੋਂਦ ਵਿਚ ਆਇਆ ਸੀ। ਸਭ ਤੋਂ ਪਹਿਲੀ ਵਾਰ, ਰਸੂਲਾਂ ਦੇ ਕਰਤੱਬ 2 ਵਿਚ ਲੋਕਾਂ ਨੇ ਪੁੱਛਿਆ ਸੀ, "ਅਸੀਂ ਕੀ ਕਰੀਏ?" ਉਨ੍ਹਾਂ ਨੂੰ ਕਿਹਾ ਗਿਆ ਸੀ, "ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ" (ਰਸੂਲਾਂ ਦੇ ਕਰਤੱਬ 2:37, 38)। ਬਚਾਏ ਗਏ ਲੋਕਾਂ ਨੇ **ਸਾਡੇ ਪ੍ਰਭੂ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੇ** "ਸਦੀਪਕ ਰਾਜ" ਨੂੰ ਕਾਇਮ ਕੀਤਾ ਅਤੇ ਕਾਇਮ ਕਰ ਰਹੇ ਹਨ।

ਜਿਹੜੇ ਲੋਕ ਮਸੀਹੀ ਗੁਣਾਂ ਦਾ ਪਾਲਣ ਕਰਨ ਵਿਚ ਅਸਫ਼ਲ ਹੋ ਜਾਂਦੇ ਹਨ ਠੇਡਾ ਖਾਂਦੇ ਹਨ। ਇਸ ਤਰ੍ਹਾਂ ਉਹ ਆਪਣੇ ਸੱਦੇ ਅਤੇ ਚੁਣੇ ਜਾਣ ਨੂੰ ਸੁਰੱਖਿਅਤ ਕਰਨ ਵਿਚ ਅਸਫ਼ਲ ਹੋ ਜਾਂਦੇ ਹਨ। 10 ਅਤੇ 11 ਆਇਤਾਂ ਇਹ ਸਪੱਸ਼ਟ ਕਰਦੀਆਂ ਹਨ ਕਿ ਕਿਸੇ ਨੂੰ ਠੇਡਾ ਖਾਣ ਜਾਂ ਡਿੱਗਣ ਦੀ ਲੋੜ ਨਹੀਂ ਹੈ। ਪਰਮੇਸ਼ੁਰ ਨੇ "ਸਦੀਪਕ ਰਾਜ" ਵਿਚ ਨਾ ਸਿਰਫ ਪਰਵੇਸ਼ ਦਿੱਤਾ ਹੈ, ਪਰ **ਵੱਡੀ ਖੁੱਲ੍ਹ** ਨਾਲ ਪਰਵੇਸ਼ ਦਿੱਤਾ ਹੈ। ਪਰ ਪਹਿਲ ਪਰਮੇਸ਼ੁਰ ਨੇ ਹੀ ਕੀਤੀ ਹੈ। ਇਹ ਰਾਜ ਸਦੀਪਕ ਹੈ ਕਿਉਂਕਿ ਇਸ ਯੁੱਗ ਵਿਚ ਜੋ ਕਲੀਸੀਆ ਹੈ ਉਸ ਪਰਤਾਪੀ ਰਾਜ ਵਿਚ ਘੁੱਲ-ਮਿਲ ਜਾਵੇਗੀ ਜੋ ਉਦੋਂ ਆਵੇਗਾ ਜਦੋਂ ਪ੍ਰਭੂ ਦੁਬਾਰਾ ਆਵੇਗਾ। ਪੂਰੇ ਨਵੇਂ ਨੇਮ ਵਿਚ ਮਸੀਹ ਦੇ ਜੀਵਨ ਵਿਚ "ਪਹਿਲਾਂ ਤੋਂ ਹੀ, ਪਰ ਹਾਲੇ ਨਹੀਂ" ਵਿਸ਼ੇਸ਼ਤਾ ਹੈ। ਇਕ ਪਾਸੇ, ਇਸ ਵਰਤਮਾਨ ਸਮੇਂ ਵਿਚ ਵਿਸ਼ਵਾਸੀ ਪਰਮੇਸ਼ੁਰ ਦੇ ਰਾਜ ਦੀਆਂ ਬਰਕਤਾਂ ਦਾ ਅਨੰਦ ਮਾਣਦੇ ਹਨ। ਉਹ ਪਰਮੇਸ਼ੁਰ ਨਾਲ ਸਦੀਪਕ ਰਿਸ਼ਤੇ ਦੀ ਸ਼ੁਰੂਆਤ ਕਰ ਚੁੱਕੇ ਹਨ। ਦੂਜੇ ਪਾਸੇ, ਪਰਮੇਸ਼ੁਰ ਨਾਲ ਅਨੰਤ ਅਰਾਮ ਅਤੇ ਸ਼ਾਂਤੀ ਜਿਸ ਦੀ ਉਡੀਕ ਕੀਤੀ ਜਾਂਦੀ ਹੈ ਹਾਲੇ ਆਉਣ ਵਾਲੀ ਹੈ। ਇਸ ਜੀਵਨ ਵਿਚ ਅਤੇ ਆਉਣ ਵਾਲੇ ਜੀਵਨ ਦੋਹਾਂ ਵਿਚ, ਇਨਾਮ ਦਾ ਧਨ ਵਫ਼ਾਦਾਰੀ ਵਾਲੇ ਜੀਉਣ ਦੇ ਸਿੱਧੇ ਅਨੁਪਾਤ ਵਿਚ ਹੈ।

## ਚੇਤੇ ਕਰਾ ਕਰਾ ਕੇ (1:12-15)

**12ਇਸ ਲਈ ਮੈਂ ਤੁਹਾਨੂੰ ਸਦਾ ਏਹ ਗੱਲਾਂ ਚੇਤੇ ਕਰਾਉਣ ਦਾ ਧਿਆਨ ਰੱਖਾਂਗਾ ਭਾਵੇਂ ਤੁਸੀਂ ਇਨ੍ਹਾਂ ਨੂੰ ਜਾਣਦੇ ਹੀ ਹੋ ਅਤੇ ਓਸ ਸਚਿਆਈ ਉੱਤੇ ਜਿਹੜੀ ਤੁਹਾਡੇ ਕੋਲ ਹੈ ਇਸਥਿਰ ਕੀਤੇ ਹੋਏ ਹੋ। 13ਪਰ ਮੈਂ ਇਹ ਜੋਗ ਸਮਝਦਾ ਹਾਂ ਭਈ ਜਿੰਨਾ ਚਿਰ ਮੈਂ ਇਸ ਤੰਬੂ ਵਿੱਚ ਹਾਂ ਮੈਂ ਤੁਹਾਨੂੰ ਚੇਤੇ ਕਰਾ ਕਰਾ ਕੇ ਪਰੇਰਦਾ ਰਹਾਂ। 14ਕਿਉਂ ਜੋ ਮੈਂ ਜਾਣਦਾ ਹਾਂ**

**ਭਈ ਮੇਰੇ ਤੰਬੂ ਦੇ ਪੁੱਟੇ ਜਾਣ ਦਾ ਵੇਲਾ ਨੇੜੇ ਆ ਪੁੱਜਿਆ ਹੈ ਜਿਵੇਂ ਸਾਡੇ ਪ੍ਰਭੂ ਯਿਸੂ ਮਸੀਹ ਨੇ ਮੈਨੂੰ ਪਤਾ ਵੀ ਦਿੱਤਾ ਸੀ। 15ਸਗੋਂ ਮੈਂ ਜਤਨ ਕਰਾਂਗਾ ਭਈ ਤੁਸੀਂ ਮੇਰੇ ਕੂਚ ਕਰਨ ਦੇ ਮਗਰੋਂ ਇਨ੍ਹਾਂ ਗੱਲਾਂ ਨੂੰ ਹਰ ਵੇਲੇ ਚੇਤੇ ਰੱਖੋ।**

ਪੱਤ੍ਰੀ ਵਿਚ ਇਸ ਥਾਂ ਤੇ ਆ ਕੇ, ਪਤਰਸ ਦੇ ਸੰਬੋਧਿਤ ਕਰਨ ਦੇ ਤਰੀਕੇ ਵਿਚ ਅਚਾਣਕ ਬਦਲਾਅ ਆ ਗਿਆ। ਉਸ ਨੇ ਇਕ ਦਿਲਚਸਪ ਉਪਦੇਸ਼ਕ, ਇਕ ਸਾਥੀ ਮੁਸਾਫ਼ਰ ਵਜੋਂ ਲਿਖਿਆ ਸੀ ਜਿਸ ਨੇ ਆਪਣੇ ਪਾਠਕਾਂ ਨਾਲ ਪਰਮੇਸ਼ੁਰ ਦੀ ਮਹਿਮਾ ਅਤੇ ਵਡਿਆਈ ਨੂੰ ਸਾਂਝਿਆਂ ਕੀਤਾ। ਇਸ ਸੰਬੰਧ ਵਿਚ ਉਸ ਨੇ ਉਨ੍ਹਾਂ ਨੂੰ ਜਤਨ ਕਰਨ ਦੀ ਬੇਨਤੀ ਕੀਤੀ ਸੀ। ਉਹ ਉਨ੍ਹਾਂ ਨੂੰ ਪਹਿਲਾਂ ਤੋਂ ਹੀ ਉਨ੍ਹਾਂ ਸ਼ਾਨਦਾਰ ਵਾਅਦਿਆਂ ਬਾਰੇ ਚੇਤੇ ਕਰਾ ਚੁੱਕਾ ਸੀ ਜੋ ਉਨ੍ਹਾਂ ਵਿਚ ਪੂਰੇ ਹੋ ਚੁੱਕੇ ਸਨ। ਜਦ ਕਿ ਉਹ ਪਰਮੇਸ਼ੁਰ ਦੇ ਵਾਅਦਿਆਂ ਦੇ ਫਾਇਦਿਆਂ ਦਾ ਅਨੰਦ ਮਾਣ ਚੁੱਕੇ ਸਨ, ਪਤਰਸ ਚਾਹੁੰਦਾ ਸੀ ਕਿ ਉਹ ਗੁਣ ਨੂੰ ਪ੍ਰਯੋਗ ਵਿਚ ਲਿਆਉਣ ਰਾਹੀਂ ਇਸ ਨਾਲੋਂ ਵੀ ਵੱਡੀਆਂ ਬਰਕਤਾਂ ਨੂੰ ਸਮਝਣ।

ਨੀਂਹ ਰੱਖਣ ਤੋਂ ਬਾਅਦ, ਰਸੂਲ ਨਿੱਜੀ ਬਣ ਗਿਆ। ਉਹ ਪ੍ਰਭੂ ਦੇ ਨਜ਼ਦੀਕੀ ਸਹਿਯੋਗੀ ਵਜੋਂ ਵਰਣਨ ਵਿਚ ਦਾਖ਼ਲ ਹੋਇਆ। ਉਸ ਨੇ ਯਿਸੂ ਨਾਲ ਆਪਣੇ ਕੁਝ ਅਨੁਭਵਾਂ ਨੂੰ ਉਨ੍ਹਾਂ ਦੇ ਲਈ ਦੁਹਰਾਇਆ। ਘਟਨਾਵਾਂ ਬੇਤਰਤੀਬ ਨਹੀਂ ਸਨ। ਉਸ ਨੇ ਉਨ੍ਹਾਂ ਘਟਨਾਵਾਂ ਬਾਰੇ ਦੱਸਿਆ ਜਿਨ੍ਹਾਂ ਨੇ ਉਸ ਦੇ ਅਧਿਕਾਰ ਦੀ ਪੁਸ਼ਟੀ ਕੀਤੀ। ਰਸੂਲ ਕੋਲ ਝੂਠੇ ਗੁਰੂਆਂ ਨੂੰ ਸੁਧਾਰਣ ਦਾ ਹੱਕ ਸੀ ਜਿਨ੍ਹਾਂ ਨੇ ਕਲੀਸੀਆ ਉੱਤੇ ਅਣਉੱਚਤ ਅਧਿਕਾਰ ਜਮਾਇਆ ਸੀ ਕਿਉਂਕਿ ਉਸ ਨੇ ਸਰੀਰ ਵਿਚ ਪ੍ਰਭੂ ਨੂੰ ਪਰਤੱਖ ਰੂਪ ਵਿਚ ਜਾਣਿਆ ਸੀ।

**ਆਇਤ 12.** ਲੂਕਾ ਨੇ ਲਿਖਿਆ ਕਿ ਅਥੇਨੇ ਵਿਚ ਫ਼ਿਲਾਸਫ਼ਰ ਸਨ ਜਿਹੜੇ "ਨਵੀਆਂ ਨਵੀਆਂ ਗੱਲਾਂ ਸੁਣਨ ਅਥਵਾ ਸੁਣਾਉਣ ਤੋਂ ਬਿਨਾ ਆਪਣਾ ਵੇਲਾ ਹੋਰ ਕਿਸੇ ਕੰਮ ਵਿੱਚ ਨਹੀਂ ਕੱਟਦੇ ਸਨ" (ਰਸੂਲਾਂ ਦੇ ਕਰਤੱਬ 17:21)। ਤੁਲਨਾ ਵਿਚ, ਪਤਰਸ ਨੇ ਆਪਣੇ ਪਾਠਕਾਂ ਨੂੰ ਭਰੋਸਾ ਦਿੱਤਾ ਕਿ ਉਸ ਨੇ ਕੁਝ ਨਵਾਂ ਨਹੀਂ ਸੀ ਕੀਤਾ। ਬਲਕਿ, ਉਹ ਉਨ੍ਹਾਂ ਨੂੰ ਵਾਪਸ ਉਨ੍ਹਾਂ ਗੱਲਾਂ ਵੱਲ ਬੁਲਾਉਣਾ ਚਾਹੁੰਦਾ ਸੀ ਜਿਨ੍ਹਾਂ ਤੇ ਉਨ੍ਹਾਂ ਨੇ ਸ਼ੁਰੂ ਤੋਂ ਵਿਸ਼ਵਾਸ ਕੀਤਾ ਸੀ। ਰਸੂਲ ਨੇ ਲਿਖਿਆ, **ਮੈਂ ਤੁਹਾਨੂੰ ਸਦਾ ਏਹ ਗੱਲਾਂ ਚੇਤੇ ਕਰਾਉਣ ਦਾ ਧਿਆਨ ਰੱਖਾਂਗਾ।** ਉਹ 3:1 ਵਿਚ ਇਸੇ ਵਿਸ਼ੇ ਵੱਲ ਮੁੜ ਆਵੇਗਾ: "ਮੈਂ ਤੁਹਾਨੂੰ ਚੇਤੇ ਕਰਾ ਕੇ ਤੁਹਾਡੇ ਸਾਫ਼ ਚਿੱਤਾਂ ਨੂੰ ਪਰੇਰਦਾ ਹਾਂ।"

ਫਰੈਡ ਬੀ. ਕਰੈਡੌਕ ਨੇ ਕਿਹਾ ਹੈ ਕਿ ਬਹੁਤ ਸਾਰਾ ਮਸੀਹੀ ਪ੍ਰਚਾਰ ਹੋ ਰਿਹਾ ਹੈ ਜਿਸ ਦਾ ਨਿਸ਼ਾਨਾ "ਚੇਤੇ ਕਰਾ ਕੇ" ਮਨਾਂ ਨੂੰ ਪਰੇਰਣਾ ਹੈ।[3] ਬੰਦਗੀ ਦੇ ਸਰਵਜਨਕ ਅਨੁਭਵ ਵਿਚ, ਪ੍ਰਚਾਰਕ ਮਿਸਰ ਵਿਚ ਮੂਸਾ, ਉਜਾੜ ਵਿਚ ਇਸਰਾਏਲ, ਦਾਊਦ ਅਤੇ ਗੋਲਿਅਥ, ਨਬੀਆਂ, ਬਾਬੁਲ ਵਿਚ ਅਸੀਰੀ, ਯੂਹੰਨਾ ਬਪਤਿਸਮਾ ਦੇਣ ਵਾਲੇ, ਯਿਸੂ ਦੇ ਦ੍ਰਿਸ਼ਟਾਂਤਾਂ, ਜੀ ਉੱਠੇ ਪ੍ਰਭੂ ਦੇ ਉਤਸ਼ਾਹ ਅਤੇ ਮਸੀਹੀਅਤ ਦੇ ਫੈਲਣ ਦੀਆਂ ਬਚਪਣ ਦੀਆਂ ਕਹਾਣੀਆਂ ਨੂੰ ਦੁਹਰਾਉਂਦਾ ਹੈ। ਜ਼ਿਆਦਾਤਰ ਸੁਣਨ ਵਾਲਿਆਂ ਦੇ ਲਈ, ਕੁਝ ਵੀ ਨਵਾਂ ਨਹੀਂ ਹੈ। ਹਰ ਕੋਈ ਸੁਣਦਾ ਹੈ ਅਤੇ ਉਸ ਦੇ ਦਿਲ ਵਿਚ ਉਸ ਦੀ ਨਿਹਚਾ ਦੀ ਪੁਸ਼ਟੀ ਹੁੰਦੀ ਹੈ। ਅਣਜਾਣੇ ਵਿਚ ਉਹ ਇਹ ਦਰਸਾਉਂਦਾ ਹੈ, "ਹਾਂ, ਇਹ ਕਹਾਣੀਆਂ ਮੇਰੇ ਲੋਕਾਂ ਦੀਆਂ ਹਨ। ਉਹ ਸਾਨੂੰ ਦੱਸਦੇ ਹਨ ਕਿ ਅਸੀਂ ਕੌਣ ਹਾਂ ਅਤੇ ਅਸੀਂ ਕੀ ਵਿਸ਼ਵਾਸ ਕਰਦੇ ਹਾਂ। ਉਹ ਸਾਡੀ ਆਸ ਨੂੰ ਪਰਿਭਾਸ਼ਿਤ ਕਰਦੇ ਹਨ ਅਤੇ ਸਾਡੇ ਅੰਦਰ ਭਲਿਆਈ ਨੂੰ ਪ੍ਰੇਰਿਤ ਕਰਦੇ ਹਨ।"

ਅਨੁਵਾਦ ਭੱਦੀ ਯੂਨਾਨੀ ਭਾਸ਼ਾ ਦਾ ਥੋੜ੍ਹਾ ਜਿਹਾ ਸੰਕੇਤ ਦਿੰਦੇ ਹਨ ਜੋ ਇਸ ਆਇਤ ਨੂੰ ਸ਼ੁਰੂ ਕਰਦੀ ਹੈ। ਪਤਰਸ ਨੇ ਭਵਿੱਖ ਕਾਲ ਦੀ ਵਰਤੋਂ ਕੀਤੀ, ਪਰ "ਮੈਂ ਹਮੇਸ਼ਾ ਤਿਆਰ ਰਹਾਂਗਾ," ਜਾਂ "ਮੈਂ ਹਮੇਸ਼ਾ ਤਿਆਰ ਰਹਿਣ ਵਾਲਾ ਹਾਂ" ਦੇ ਅਰਥ ਨੂੰ ਸਮਝਣਾ ਮੁਸ਼ਕਲ ਹੈ। ਕਿਉਂਕਿ ਯੂਨਾਨੀ ਭਾਸ਼ਾਂ ਭੱਦੀ ਹੈ, ਇਹ ਜਾਣਨਾ ਮੁਸ਼ਕਲ ਹੈ ਕਿ ਰਸੂਲ ਦਾ ਅਰਥ ਕੀ ਸੀ।[4] NASB ਬਾਈਬਲ ਅਰਥ ਨੂੰ ਧਿਆਨ ਵਿਚ ਰੱਖਦੀ ਹੈ। ਇਸ ਬਾਈਬਲ ਦਾ ਅਨੁਵਾਦ ਕਹਿੰਦਾ ਹੈ, "ਮੈਂ ਤੁਹਾਨੂੰ ਸਦਾ ਏਹ ਗੱਲਾਂ ਚੇਤੇ ਕਰਾਉਣ ਦੀ ਕੋਸ਼ਿਸ਼ ਕਰਾਂਗਾ।" ਪਤਰਸ ਦੇ ਜਤਨ ਵਿਚ ਮੌਜੂਦਾ ਪੱਤ੍ਰੀ ਸ਼ਾਮਲ ਸੀ, ਪਰ 15 ਆਇਤ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਉਸ ਦੇ ਮਨ ਵਿਚ ਹੋਰ ਜਤਨ ਸਨ ਜੋ ਉਸ ਨੇ ਹਾਲੇ ਕਰਨੇ ਸਨ (1:15 ਤੇ ਟਿੱਪਣੀਆਂ ਵੇਖੋ)।

ਰਸੂਲ ਆਪਣੀ ਚਿਤਾਵਨੀ ਵਿਚ ਚੌਕਸ ਸੀ। ਉਸ ਨੇ ਆਪਣੇ ਪਾਠਕਾਂ ਨੂੰ ਖੁਦ ਨਾਲ ਭਾਈਵਾਲੀ ਵਿਚ ਸ਼ਾਮਲ ਕੀਤਾ ਅਤੇ ਉਨ੍ਹਾਂ ਨੂੰ ਸਾਥੀਆਂ ਵਜੋਂ ਗਲੇ ਲਗਾਇਆ। ਚਿਤਾਵਨੀਆਂ ਦੋਸ਼ ਆਰੋਪਣ ਸਨ ਨਾ ਹੀ ਨਿਹਚਾ ਦੇ ਨਾ ਹੀ ਉਸ ਦੇ ਪਾਠਕਾਂ ਦੇ ਗਿਆਨ ਦੇ। ਪਤਰਸ ਨੇ ਕਿਹਾ ਕਿ ਚਿਤਾਵਨੀਆਂ ਜ਼ਰੂਰੀ ਹਨ **ਭਾਵੇਂ ਤੁਸੀਂ ਇਨ੍ਹਾਂ ਨੂੰ ਜਾਣਦੇ ਹੀ ਹੋ ਅਤੇ ਓਸ ਸਚਿਆਈ ਉੱਤੇ ਜਿਹੜੀ ਤੁਹਾਡੇ ਕੋਲ ਹੈ ਇਸਥਿਰ ਕੀਤੇ ਹੋਏ ਹੋ**। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਝੂਠੇ ਗੁਰੂਆਂ ਨੇ ਕੁਝ ਮਸੀਹੀ ਸਮਾਜਾਂ ਤੇ ਹਮਲਾ ਕੀਤਾ ਸੀ। ਰਸੂਲ ਨੇ ਚਤਰਾਈ ਨਾਲ ਆਪਣੇ ਪਾਠਕਾਂ ਨੂੰ ਇਕ ਆਮ ਕਾਰਣ ਕਰਕੇ ਫੜ ਲਿਆ। ਕਿਉਂਕਿ ਉਨ੍ਹਾਂ ਨੇ ਰਸੂਲਾਂ ਨੂੰ ਸੁਣਿਆ ਸੀ, ਉਹ ਝੂਠੇ ਗੁਰੂਆਂ ਅਤੇ ਉਨ੍ਹਾਂ ਦੇ ਰਾਹਾਂ ਨੂੰ ਗ੍ਰਹਿਣ ਕਰਨ ਨਾਲੋਂ ਬਿਹਤਰ ਜਾਣਦੇ ਸਨ। ਉਹ "ਸਚਿਆਈ ਵਿਚ ਇਸਥਿਰ" ਕੀਤੇ ਹੋਏ ਸਨ। ਪਤਰਸ ਨੂੰ "ਸਚਿਆਈ" ਬੋਲਣ ਵਿਚ ਕੋਈ ਸੰਕੋਚ ਨਹੀਂ ਸੀ। ਉਹ ਸਾਰੀ "ਸਚਿਆਈ" ਨੂੰ ਪ੍ਰਾਸੰਗਿਕ ਬਣਾਉਣ ਲਈ ਆਧੁਨਿਕ ਸੱਭਿਆਚਾਰ ਦੇ ਰੁਝਾਨਾਂ ਤੋਂ ਬਹੁਤ ਅਲੱਗ ਸੀ। ਉਸ ਦੇ ਪਾਠਕਾਂ ਨੂੰ ਇਸ ਗੱਲ ਦਾ ਕੋਈ ਸ਼ੱਕ ਨਹੀਂ ਸੀ ਕਿ ਮਸੀਹ ਵਿਚ "ਸਚਿਆਈ" ਉਨ੍ਹਾਂ ਦੇ ਲਈ ਉਪਲਬਧ ਸੀ।

**ਆਇਤ 13.** ਪਤਰਸ ਨੂੰ ਆਪਣੇ ਰਸੂਲ ਹੋਣ ਦੀ ਜ਼ਿੰਮੇਵਾਰੀ ਦੀ ਸਮਝ ਸੀ। ਉਸ ਨੇ ਯਿਸੂ ਮਸੀਹ ਦਾ ਰਸੂਲ ਹੋਣ ਦੇ ਨਾਤੇ ਵਿਸ਼ਵਾਸੀਆਂ ਨੂੰ ਮੁੜ ਉਸ ਸੰਦੇਸ਼ ਵੱਲ ਜੋ ਉਨ੍ਹਾਂ ਨੇ ਕਬੂਲ ਕੀਤਾ ਸੀ ਬੁਲਾਉਣਾ **ਜੋਗ ਸਮਝਿਆ**, ਜਾਂ ਉੱਚਿਤ ਗੱਲ ਸਮਝੀ। ਇਹ ਕੰਮ ਕਰਨਾ ਸਹੀ ਸੀ ਕਿਉਂਕਿ ਪਤਰਸ ਇਸ ਗੱਲ ਤੋਂ ਜਾਣੂ ਸੀ ਕਿ **ਇਹ ਦੁਨਿਆਵੀ ਤੰਬੂ** ਥੋੜ੍ਹੇ ਚਿਰ ਦਾ ਸੀ। ਪਤਰਸ ਨੇ ਸੁਝਾਅ ਦਿੱਤਾ ਕਿ "ਇਸ ਤੰਬੂ" ਵਿਚ ਰਹਿੰਦੇ ਹੋਏ ਉਸ ਨੂੰ ਉਨ੍ਹਾਂ ਨੂੰ ਚੇਤੇ ਕਰਾਉਣ ਦਾ ਸ਼ਾਇਦ ਜ਼ਿਆਦਾ ਮੌਕਾ ਨਾ ਮਿਲੇ। 1 ਪਤਰਸ ਵਿਚ ਪਾਠਕ "ਪਰਦੇਸੀ ਅਤੇ ਅਸੀਰ" ਸਨ। ਇਸ ਪੱਤ੍ਰੀ ਵਿਚ ਸਰੀਰ ਦਾ "ਤੰਬੂ" ਵਜੋਂ ਹਵਾਲਾ ਦਿੱਤਾ ਜਾਣਾ ਇਸ ਗੱਲ ਦਾ ਭਾਵ ਦਿੰਦਾ ਹੈ ਕਿ ਜੀਵਨ ਇਕ ਤੀਰਥ ਯਾਤਰਾ ਹੈ। ਇਹ ਇਕ ਅਧਿਆਤਮਕ ਵਿਸ਼ਾ ਹੈ ਜਿਸ ਦੀਆਂ ਜੜ੍ਹਾਂ ਪੁਰਾਣੇ ਨੇਮ ਵਿਚ ਬਹੁਤ ਡੂੰਘੀਆਂ ਹਨ। ਇਸ ਦੇ ਨਾਲ-ਨਾਲ ਇਹ ਯੂਨਾਨੀ ਲੇਖਕਾਂ ਦਾ ਇਕ ਆਮ ਵਿਚਾਰ ਸੀ।

ਭਾਵੇਂ ਯਰੂਸ਼ਲਮ ਵਿਚ ਜਾਂ ਰੋਮ ਵਿਚ ਹੋਵੇ, ਮਸੀਹੀ ਸਮਾਜ ਦਾ ਆਗੂ ਹੋਣਾ ਖ਼ਤਰਨਾਕ ਸੀ। ਇਸਤੀਫ਼ਾਨ (ਰਸੂਲਾਂ ਦੇ ਕਰਤੱਬ 7:58, 59) ਅਤੇ ਯਾਕੂਬ (ਰਸੂਲਾਂ ਦੇ ਕਰਤੱਬ 12:1, 2) ਪਹਿਲਾਂ ਹੀ ਆਪਣੀ ਮੌਤ ਮਰ ਚੁੱਕੇ ਸਨ। ਪਤਰਸ ਨੇ ਖੁਦ ਮੌਤ ਨੂੰ ਆਹਮੋ-ਸਾਹਮਣੇ ਵੇਖਿਆ ਸੀ (ਰਸੂਲਾਂ ਦੇ ਕਰਤੱਬ 12:3, 4)। ਅਨੁਵਾਦ ਕੀਤਾ ਗਿਆ ਸ਼ਬਦ "ਦੁਨਿਆਵੀ ਤੰਬੂ" ਦਾ ਜਥਾਰਥ ਰੂਪ ਵਿਚ ਅਰਥ ਹੈ "ਤੰਬੂ" (σκήνωμα,

*ਸਕੀਨੋਮਾ* )। ਇਹ ਇਕ ਰੰਗਦਾਰ ਰੂਪਕ ਹੈ, ਪਰ ਉਹ ਰੂਪਕ ਜਿਹੜਾ ਆਧੁਨਿਕ ਸੱਭਿਆਚਾਰ ਵਿਚ ਸਹੀ ਢੰਗ ਨਾਲ ਅਰਥ ਨਹੀਂ ਦੱਸਦਾ। ਪਤਰਸ ਦੇ ਲਈ ਉਸ ਦੀ ਸਰੀਰਕ ਦੇਹ ਇਕ ਆਰਜ਼ੀ ਨਿਵਾਸ ਸਥਾਨ ਸੀ, ਪਰ ਉਹ ਨਿਵਾਸ ਸਥਾਨ ਸੀ ਜਿਸ ਨੂੰ ਠੁੱਡ ਮਾਰ ਹੇਠਾਂ ਡੇਗ ਅਤੇ ਪਿੱਛੇ ਛੱਡ ਦਿੱਤਾ ਜਾ ਸਕਦਾ ਸੀ ਜਦ ਕਦੀ ਮਰਨ ਦਾ ਸਮਾਂ ਆ ਜਾਂਦਾ।

ਯੂਨਾਨੀ ਵਿਚਾਰ ਵਿਚ, ਸਰੀਰ ਉਹ ਥਾਂ ਸੀ ਜਿੱਥੇ ਆਤਮਾ ਫਸਿਆ ਹੋਇਆ ਸੀ। ਜਦੋਂ ਸਰੀਰ ਮਰਿਆ ਤਾਂ ਆਤਮਾ ਅਜ਼ਾਦ ਹੋ ਗਿਆ। ਵਿਅਕਤੀ ਦਾ ਤੱਤ ਉਸ ਦਾ ਆਤਮਾ ਸੀ। ਬਾਈਬਲ ਦੀ ਸਿੱਖਿਆ ਇਹ ਹੈ ਕਿ ਵਿਅਕਤੀ ਸਰੀਰ ਅਤੇ ਆਤਮਾ ਦਾ ਕੋਈ ਨਾ ਕੋਈ ਰਹੱਸਮਈ ਸੁਮੇਲ ਹੈ। ਸਰੀਰ ਤੋਂ ਬਾਹਰ ਅਸਿਤਤਵ ਇਕ ਇਹੋ ਜਿਹੀ ਚੀਜ਼ ਸੀ ਜਿਸ ਨੂੰ ਯਹੂਦੀ ਲੋਕ ਕਦੇ ਨਹੀਂ ਸਮਝੇ। ਜਦੋਂ ਪੌਲੁਸ ਨੇ ਆਉਣ ਵਾਲੇ ਸੰਸਾਰ ਵਿਚ ਜੀਵਨ ਦੀ ਗੱਲ ਕੀਤੀ ਇਹ ਜੀ ਉੱਠੇ ਸਰੀਰ ਵਾਲਾ ਜੀਵਨ ਸੀ, ਨਾ ਕਿ ਬੁਰੇ ਤਰੀਕੇ ਨਾਲ ਪਰਿਭਾਸ਼ਿਤ ਕੀਤੀ ਗਈ ਅਸਿਤਤਵ ਦੀ ਕੋਈ ਆਤਮਿਕ ਵਿਧੀ (ਵੇਖੋ 1 ਕੁਰਿੰਥੀਆਂ 15:42–58)।

"ਦੁਨਿਆਵੀ ਤੰਬੂ" ਸ਼ਬਦ ਇਸ ਗੱਲ ਦਾ ਸੰਕੇਤ ਨਹੀਂ ਹੈ ਕਿ ਪਤਰਸ ਨੇ ਸਰੀਰ/ਆਤਮਾ ਦੇ ਦੋਹਰੇਪਣ ਨੂੰ ਕਬੂਲ ਕਰ ਲਿਆ ਸੀ। ਬਲਕਿ, ਉਹ ਇਸ ਨਿਸ਼ਚਤਤਾ ਦੇ ਪ੍ਰਤੀ ਆਪਣਾ ਵਿਚਾਰ ਵਿਅਕਤ ਕਰ ਰਿਹਾ ਸੀ ਕਿ ਉਸ ਦੇ ਦੁਨਿਆਵੀ ਜੀਵਨ ਦਾ ਅੰਤ ਹੋ ਜਾਵੇਗਾ। ਜਦੋਂ ਤੱਕ ਉਹ ਸਮਾਂ ਨਹੀਂ ਆਉਂਦਾ, ਉਸ ਨੇ [ਉਨ੍ਹਾਂ ਨੂੰ] **ਚੇਤੇ ਕਰਾ ਕਰਾ ਕੇ ਪਰੇਰਣਾ** ਆਪਣਾ ਫਰਜ਼ ਸਮਝਿਆ। ਉਸ ਦੇ ਪਾਠਕ ਮਸੀਹੀ ਕਹਾਣੀ ਨੂੰ ਜਾਣਦੇ ਸਨ; ਉਹ ਮਸੀਹੀ ਇਕਰਾਰ ਦੇ ਨੈਤਿਕ ਭਾਵ ਅਰਥਾਂ ਨੂੰ ਸਮਝਦੇ ਸਨ। ਜਦੋਂ ਕਿਸੇ ਤਰ੍ਹਾਂ ਦੇ ਕੋਈ ਖ਼ਤਰੇ ਆਉਂਦੇ ਸਨ, ਰਸੂਲ ਰਵਾਇਤ ਦੀ ਦਲੀਲ ਦਿੰਦਾ ਸੀ। ਪਤਰਸ ਨੇ ਉਮੀਦ ਕੀਤੀ ਪੁਰਾਣੀ ਕਹਾਣੀ ਉਨ੍ਹਾਂ ਨੂੰ ਨਵੀਂ ਨਿਹਚਾ ਅਤੇ ਜੋਸ਼ ਦੇ ਲਈ ਪਰੇਰਗੀ, ਪ੍ਰੇਰਣਾ ਦੇਵੇਗੀ। ਰਵਾਇਤ ਕਲੀਸੀਆ ਦਾ ਪਿੱਛੇ ਭੂਤਕਾਲ ਵਿਚ ਜਾਣਾ ਨਹੀਂ ਹੈ। ਇਹ ਲਾਟਾਂ ਨੂੰ ਮੁੜ ਜਗਾਉਣ ਵਾਸਤੇ ਕਲੀਸੀਆ ਦੀ ਪ੍ਰੇਰਣਾ ਹੈ ਜਦੋਂ ਕਲੀਸੀਆ ਆਲਸ, ਦੇਹ ਅੰਦਰ ਮੱਤ-ਭੇਦਾਂ, ਜਾਂ ਨਿਹਚਾ ਨਾਲ ਸਮਝੌਤਾ ਕਰਨ ਵਾਲੀਆਂ ਝੂਠੀਆਂ ਸਿੱਖਿਆਵਾਂ ਦੁਆਰਾ ਖ਼ਤਰੇ ਵਿਚ ਪੈ ਜਾਂਦੀ ਹੈ।

ਪਤਰਸ ਦੀਆਂ ਨਸੀਹਤਾਂ ਸਮੁੱਚੀ ਪੱਤ੍ਰੀ ਦੇ ਬਹਿਸ ਵਾਲੇ ਸੰਦਰਭ ਅਨੁਸਾਰ ਦਿੱਤੀਆਂ ਗਈਆਂ ਹਨ। ਪਹਿਲੀ ਨਸੀਹਤ, ਉਸ ਨੇ ਆਪਣੇ ਪਾਠਕਾਂ ਨੂੰ ਸਭ ਤੋਂ ਉੱਤੇ ਸਦਾਚਾਰਕ ਅਤੇ ਨੈਤਿਕ ਸਿਧਾਂਤਾਂ ਦੁਆਰਾ ਜੀਉਣ ਦੀ ਬੇਨਤੀ ਕੀਤੀ। ਉਸ ਨੇ ਉਨ੍ਹਾਂ ਨੂੰ ਉਸ ਸਿੱਖਿਆ ਬਾਰੇ ਚੇਤੇ ਕਰਾਇਆ ਜੋ ਉਨ੍ਹਾਂ ਨੇ ਸ਼ੁਰੂ ਤੋਂ ਹੀ ਪ੍ਰਾਪਤ ਕੀਤੀ ਸੀ। ਉਸ ਨੇ ਆਪਣੇ ਰਸੂਲੀ ਅਧਿਕਾਰ ਦੀ ਦਲੀਲ ਦਿੱਤੀ। ਫਿਰ, ਜਦੋਂ 2 ਅਧਿਆਇ ਸ਼ੁਰੂ ਹੁੰਦਾ ਹੈ, ਉਸ ਨੇ ਸਿੱਧੇ ਤੌਰ ਤੇ ਝੂਠੇ ਗੁਰੂਆਂ ਤੇ ਧਿਆਨ ਕੇਂਦਰਿਤ ਕੀਤਾ। ਫਿਰ ਵੀ, ਸਗੋਂ ਇੱਥੇ ਵੀ ਉਸ ਦਾ ਵਿਚਾਰ ਉਪਦੇਸ਼ਕਾਂ ਦੀ ਦਿਸ਼ਾ ਵੱਲ ਵਧ ਰਿਹਾ ਸੀ।

**ਆਇਤ 14.** ਪਤਰਸ ਆਪਣੀ ਮੌਤ ਦੇ ਸਹੀ ਸਮੇਂ ਨੂੰ ਨਹੀਂ ਸੀ ਜਾਣਦਾ, ਪਰ ਯੂਹੰਨਾ 21:18, 19 ਵਿਚ ਪ੍ਰਭੂ ਨਾਲ ਉਸ ਦੀ ਗੱਲਬਾਤ ਤੋਂ ਹੀ, ਰਸੂਲ ਮੌਤ ਨਾਲ ਇਕ ਸਾਥੀ ਵਜੋਂ ਰਹਿੰਦਾ ਸੀ। ਉਸ ਦਾ ਯਿਸੂ ਦੇ ਸ਼ਬਦਾਂ ਨੂੰ ਯਾਦ ਕਰਨਾ ਉਸ ਦੇ ਜੀਵਨ ਦੇ ਕਿਸੇ ਵੀ ਸਮੇਂ ਲਈ ਉੱਚਿਤ ਸੀ।

ਜਿਹੜੇ ਇਹ ਬਹਿਸ ਕਰਦੇ ਹਨ ਕਿ 2 ਪਤਰਸ ਫਰਜ਼ੀ ਹੈ ਇਸ ਆਇਤ ਨੂੰ ਉਸ ਦਾ

ਹਿੱਸਾ ਸਮਝਦੇ ਹਨ ਜੋ ਇਹ ਵਿਖਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਇਸ ਪੱਤ੍ਰੀ ਦਾ ਲੇਖਕ ਪਤਰਸ ਹੈ। ਇਹ ਕਲਪਨਾ ਕਰਨ ਤੋਂ ਬਾਅਦ, ਅਗਲਾ ਕਦਮ ਇਹ ਕਲਪਨਾ ਕਰਨਾ ਹੈ ਕਿ ਅਸਲੀ ਲੇਖਕ ਪੱਤ੍ਰੀ ਨੂੰ ਇਹੋ ਜਿਹਾ ਰੂਪ ਦੇਣਾ ਚਾਹੁੰਦਾ ਸੀ ਕਿ ਇਹ ਪੱਤ੍ਰੀ ਪਤਰਸ ਦੇ ਜੀਵਨ ਦੇ ਅੰਤ ਵਿਚ ਲਿਖੀ ਗਈ ਸੀ, ਜਦੋਂ ਉਹ ਰੋਮ ਵਿਚ ਸੀ। ਸਿਰਫ ਉਦੋਂ ਜਦੋਂ ਅਸੀਂ ਇਹ ਕਲਪਨਾ ਕਰਦੇ ਹਾਂ ਕਿ ਰਸੂਲ ਪਤਰਸ ਇਹ ਪੱਤ੍ਰੀ ਨਹੀਂ ਸੀ ਲਿਖ ਸਕਦਾ ਤਾਂ ਸਾਨੂੰ ਇਹ ਵਿਖਾਉਣ ਦੀ ਸਤਰਕ ਕੋਸ਼ਿਸ਼ ਕਰਨ ਦੀ ਲੋੜ ਹੈ ਕਿ ਲੇਖਕ ਦਾ ਮੂਲ ਸਥਾਨ ਰੋਮ ਨਹੀਂ ਹੈ। ਪੱਤ੍ਰੀ ਆਪਣੇ ਆਪ ਵਿਚ ਕਿਤੇ ਵੀ ਇਸ ਗੱਲ ਦਾ ਸੰਕੇਤ ਨਹੀਂ ਦਿੰਦੀ ਕਿ ਲਿਖਣ ਦਾ ਸਥਾਨ ਰੋਮ ਹੈ।

ਯੂਹੰਨਾ 21 ਦੇ ਵਾਰਤਾਲਾਪ ਵਿਚ, ਯਿਸੂ ਨੇ ਇਹ ਇਸ਼ਾਰਾ ਕੀਤਾ ਸੀ ਕਿ ਪਤਰਸ ਬੰਨ੍ਹਿਆ ਅਤੇ ਜੇਲ ਵਿਚ ਸੁੱਟਿਆ ਜਾਵੇਗਾ। ਜੇਕਰ ਲੇਖਕ ਦੇ ਬਾਅਦ ਵਿਚ ਜੋ ਚੇਲੇ ਹੋਏ ਜਿਹੜੇ ਖੁਦ ਨੂੰ ਪਤਰਸ ਵਜੋਂ ਦਿਖਾਉਣ ਚਾਹੁੰਦੇ ਸਨ, ਤਾਂ ਅਸੀਂ ਉਸ ਪਤਰਸ ਦੇ ਬੰਧਨ ਦੀ ਭਵਿੱਖਬਾਣੀ ਬਾਰੇ ਕੁਝ ਕਹਿਣ ਦੀ ਉਮੀਦ ਕਰਦੇ। ਇਹ ਉਸੇ ਵਾਰਤਾਲਾਪ ਦਾ ਹਿੱਸਾ ਹੈ। ਇਸ ਤੋਂ ਇਲਾਵਾ, ਭਵਿੱਖਬਾਣੀ ਨੂੰ ਪੂਰਾ ਕਰਨ ਲਈ ਪਤਰਸ ਨੂੰ ਰੋਮੀ ਪਹਿਰੇਦਾਰ ਦੇ ਅਧੀਨ ਰੱਖਣ ਦਾ ਇਹ ਇਕ ਵਧੀਆ ਮੌਕਾ ਹੋਵੇਗਾ। ਸੱਚਮੁੱਚ, 2 ਪਤਰਸ ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੰਦਾ ਕਿ ਪਤਰਸ ਜੇਲ ਵਿਚ ਸੀ। ਜੇਕਰ ਇਸ ਪੱਤ੍ਰੀ ਦਾ ਲੇਖਕ ਪਤਰਸ ਦਾ ਬਾਅਦ ਵਿਚ ਬਣਿਆ ਕੋਈ ਚੇਲਾ ਸੀ ਜੋ ਪਤਰਸ ਦੇ ਨਾਮ ਤੇ ਇਹ ਪੱਤ੍ਰੀ ਲਿਖ ਰਿਹਾ ਸੀ, ਤਾਂ ਉਸ ਨੇ ਆਪਣੇ ਰਸੂਲ ਹੋਣ ਦੇ ਦਾਅਵੇ ਨੂੰ ਸਹਾਰਾ ਦੇਣ ਲਈ ਯੂਹੰਨਾ 21 ਦੇ ਵਾਰਤਾਲਾਪ ਨੂੰ ਅੱਧੇ ਮਨ ਨਾਲ ਵਰਤਿਆ ਹੈ।

ਇਸ ਵਿਚ ਥੋੜ੍ਹਾ ਜਿਹਾ ਸ਼ੱਕ ਹੈ ਕਿ ਯੂਹੰਨਾ 21 ਵਿਚ ਯਿਸੂ ਦੇ ਸ਼ਬਦ ਇਸ ਜ਼ੋਰ ਨੂੰ ਪਿੱਛੇ ਛੱਡ ਦਿੰਦੇ ਹਨ ਕਿ **ਮੇਰੇ ਤੰਬੂ ਦੇ ਪੁੱਟੇ ਜਾਣ ਦਾ ਵੇਲਾ ਨੇੜੇ ਆ ਪੁੱਜਿਆ ਹੈ**। ਅਨੁਵਾਦ ਕੀਤੇ ਗਏ ਸ਼ਬਦ "ਨੇੜੇ" ਦੇ ਬਰੀਕ ਫ਼ਰਕ ਤੇ ਕਾਫੀ ਬਹਿਸ ਹੁੰਦੀ ਹੈ। ਜੇਕਰ ਅਸੀਂ ਕਹੀਏ ਕਿ ταχινός (*ਟਾਕੀਨੋਸ*) ਦਾ ਉੱਤਮ ਅਰਥ "ਛੇਤੀ" ਜਾਂ "ਨੇੜੇ" ਹੈ, ਰਸੂਲ ਨਿਸ਼ਚਤ ਤੌਰ ਤੇ ਰੋਮ ਨੂੰ ਜਾਣ ਤੋਂ ਲੰਮੇ ਸਮੇਂ ਪਹਿਲਾਂ ਮੌਤ ਦੀ ਨੇੜਤਾ ਵਿਚ ਰਹਿੰਦਾ ਸੀ। ਫਿਰ ਵੀ, ਇਸ ਸ਼ਬਦ ਦਾ ਬਿਹਤਰ ਅਨੁਵਾਦ "ਅਚਾਣਕ" ਕੀਤਾ ਜਾ ਸਕਦਾ ਹੈ।[5] ਅਜਿਹੀ ਹਾਲਤ ਵਿਚ, ਸ਼ਬਦ ਦੇ ਸਮੇਂ ਦਾ ਕੋਈ ਮਹੱਤਵ ਨਹੀਂ ਹੈ।

**ਆਇਤ 15.** ਆਪਣੇ ਪਾਠਕਾਂ ਨੂੰ ਉੱਦਮੀ ਬਣਨ ਦੀ ਬੇਨਤੀ ਕਰਨ ਤੋਂ ਬਾਅਦ (1:5, 10), ਰਸੂਲ ਨੇ ਉਸ ਦੇ ਆਪਣੇ ਜਤਨਾਂ ਵਿਚ ਵੀ ਉੱਦਮੀ ਬਣਨ ਦਾ ਵਾਅਦਾ ਕੀਤਾ। ਖੁਦ ਬਾਰੇ "ਸਾਡੇ ਪ੍ਰਭੂ ਯਿਸੂ ਮਸੀਹ" ਦੀ ਭਵਿੱਖਬਾਣੀ ਦਾ ਜ਼ਿਕਰ ਕਰਕੇ, ਪਤਰਸ ਨੇ ਆਪਣੀ ਮੌਤ ਤੋਂ ਬਾਅਦ ਇਨ੍ਹਾਂ ਗੱਲਾਂ ਨੂੰ ਉਪਲਬਧ ਕਰਾਉਣ ਦੀ ਇੱਛਾ ਵਿਅਕਤ ਕੀਤੀ। **ਮੇਰੇ ਕੂਚ** ਸਪੱਸ਼ਟ ਤੌਰ ਤੇ ਉਸ ਦੀ ਮੌਤ ਦਾ ਹਵਾਲਾ ਹੈ।[6] "ਇਨ੍ਹਾਂ ਗੱਲਾਂ" ਦਾ ਹਵਾਲਾ ਬਿਲਕੁਲ ਸਪੱਸ਼ਟ ਨਹੀਂ ਹੈ। ਇਹ ਉਨ੍ਹਾਂ ਗੱਲਾਂ ਦਾ ਹਵਾਲਾ ਹੋ ਸਕਦਾ ਹੈ ਜਿਨ੍ਹਾਂ ਦੀ ਚਰਚਾ ਉਸ ਨੇ ਮੌਜੂਦਾ ਪੱਤ੍ਰੀ ਵਿਚ ਕੀਤੀ ਹੈ। ਪਤਰਸ ਦਾ ਇਰਾਦਾ ਭਵਿੱਖ ਵਿਚ ਕਿਸੇ ਨਾ ਕਿਸੇ ਸਮੇਂ ਆਪਣੇ ਪਾਠਕਾਂ ਨੂੰ ਉਨ੍ਹਾਂ ਝੂਠੇ ਗੁਰੂਆਂ ਦਾ ਖੰਡਣ ਕਰਨ ਲਈ ਵਿਸਤਰਤ ਜਾਣਕਾਰੀ ਭੇਜਣਾ ਸੀ ਜਿਹੜੇ ਚੇਲਿਆਂ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕਰ ਰਹੇ ਸਨ। ਫਿਰ ਵੀ, ਸਦੀਆਂ ਤੋਂ ਵਿਆਖਿਆਕਾਰ ਉਸ ਦੇ ਸ਼ਬਦਾਂ ਨੂੰ ਗਲਤ ਢੰਗ ਨਾਲ ਸਮਝਦੇ ਆ ਰਹੇ ਹਨ।

ਰਸੂਲ ਨੇ ਕੇਵਲ ਉਨ੍ਹਾਂ ਗੱਲਾਂ ਦਾ ਜ਼ਿਕਰ ਕੀਤਾ ਸੀ ਜੋ "ਪ੍ਰਭੂ ਯਿਸੂ ਮਸੀਹ" ਨੇ ਉਸ

ਦੀ ਆਉਣ ਵਾਲੀ ਮੌਤ ਬਾਰੇ ਉਸ ਨੂੰ ਕਹੀਆਂ ਸਨ। "ਇਹ ਗੱਲਾਂ" ਯਿਸੂ ਮਸੀਹ ਬਾਰੇ ਗੱਲਾਂ ਬਾਰੇ ਇਕ ਆਮ ਹਵਾਲਾ ਹੋ ਸਕਦਾ ਹੈ। ਸ਼ਾਇਦ ਪਤਰਸ ਨੇ ਯਿਸੂ ਦੀ ਕਹਾਣੀ ਨੂੰ ਲਿਖਣ ਵਿਚ ਉੱਦਮੀ ਬਣਨ ਦਾ ਵਾਅਦਾ ਕੀਤਾ ਸੀ। ਕੀ ਪਤਰਸ ਦਾ ਇਰਾਦਾ ਯਿਸੂ ਦੀ ਧਰਤੀ ਉੱਤੇ ਸੇਵਾਕਈ ਬਾਰੇ ਲਿਖਣ ਦਾ ਸੀ? ਬਾਈਬਲ ਵਿਚ ਕੋਈ ਪਤਰਸ ਦੀ ਇੰਜੀਲ ਨਹੀਂ ਹੈ, ਪਰ ਇਹ ਸੋਚਣ ਦੇ ਕਈ ਕਾਰਣ ਹਨ ਕਿ ਪਤਰਸ ਇੰਜੀਲਾਂ ਵਿੱਚੋਂ ਕਿਸੇ ਇਕ ਇੰਜੀਲ ਦੀ ਰਚਨਾ ਵਿਚ ਸਹਾਇਕ ਹੋਇਆ ਹੋਵੇਗਾ।

ਕਲੀਸੀਆ ਇਤਹਾਸਕਾਰ ਯੂਸੇਬਿਉਸ ਨੇ, ਚੌਥੀ ਸਦੀ ਦੇ ਪਹਿਲੇ ਅੱਧ ਵਿਚ, ਉਨ੍ਹਾਂ ਗੱਲਾਂ ਨੂੰ ਲਿਖਿਆ ਜੋ ਮਸੀਹੀ ਅਦਾਰਿਆਂ ਵਿਚ ਉਸ ਦੇ ਸਮੇਂ ਵਿਚ ਵਾਪਰੀਆਂ ਸਨ। ਉਸ ਦੇ ਕੋਲ ਬਹੁਤ ਸਾਰੇ ਦਸਤਾਵੇਜ਼ ਉਪਲਬਧ ਸਨ ਜੋ ਉਨ੍ਹਾਂ ਮਸੀਹੀ ਲੋਕਾਂ ਦੁਆਰਾ ਲਿਖੇ ਗਏ ਸਨ ਜਿਹੜੇ ਉਸ ਤੋਂ ਪਹਿਲਾਂ ਹੋਏ ਸਨ, ਦਸਤਾਵੇਜ਼ ਜਿਹੜੇ ਕਈ ਸਮੇਂ ਪਹਿਲਾ ਨਸ਼ਟ ਹੋ ਚੁੱਕੇ ਸਨ। ਉਨ੍ਹਾਂ ਲਿਖਤਾਂ ਵਿਚ ਜੋ ਯੂਸੇਬਿਉਸ ਕੋਲ ਉਪਲਬਧ ਸਨ ਪੱਛਮੀ ਏਸ਼ੀਆ ਮਾਇਨਰ ਦੇ ਰਹਿਣ ਵਾਲੇ ਪੇਪੀਆਸ ਨਾਂਅ ਦੇ ਇਕ ਕਲੀਸੀਆ ਆਗੂ ਦੀਆਂ ਸਵੈ-ਜੀਵਨੀਆਂ ਵੀ ਸਨ। ਇਹ ਸੋਚਣ ਦੇ ਕਈ ਕਾਰਣ ਹਨ ਕਿ ਪੇਪੀਆਸ ਦਾ ਜਨਮ ਪਤਰਸ ਦੀ ਮੌਤ ਤੋਂ ਥੋੜ੍ਹੀ ਦੇਰ ਬਾਅਦ ਹੋਇਆ ਸੀ। ਯੂਸੇਬਿਉਸ ਅਨੁਸਾਰ, ਪੇਪੀਅਸ ਨੇ ਲਿਖਿਆ,

> ਮਰਕੁਸ ਪਤਰਸ ਦਾ ਵਿਆਖਿਆਕਾਰ ਬਣਿਆ ਅਤੇ ਉਸ ਨੇ ਉਹ ਸਭ ਸਹੀ-ਸਹੀ ਲਿਖਿਆ ਜੋ ਉਸ ਨੂੰ ਯਾਦ ਸੀ, ਜ਼ਰੂਰੀ ਨਹੀਂ ਹੈ ਕਿ ਉਸ ਨੇ ਉਨ੍ਹਾਂ ਗੱਲਾਂ ਨੂੰ ਤਰਤੀਬ ਵਿਚ ਲਿਖਿਆ ਜੋ ਪ੍ਰਭੂ ਦੁਆਰਾ ਕਹੀਆਂ ਅਤੇ ਕੀਤੀਆਂ ਗਈਆਂ ਸਨ। . . . ਉਸ ਨੇ ਇਕ ਗੱਲ ਵੱਲ ਜ਼ਰੂਰ ਧਿਆਨ ਦਿੱਤਾ ਕਿ ਉਹ ਉਨ੍ਹਾਂ ਗੱਲਾਂ ਵਿੱਚੋਂ ਇਕ ਗੱਲ ਵੀ ਲਿਖਣੀ ਨਹੀਂ ਭੁੱਲਿਆ ਜੋ ਉਸ ਨੇ ਸੁਣੀਆਂ ਸਨ ਅਤੇ ਉਨ੍ਹਾਂ ਵਿੱਚੋਂ ਇਕ ਗੱਲ ਵੀ ਝੂਠੀ ਨਹੀਂ ਕਹੀ।[7]

ਇਹੋ ਜਿਹੀ ਗਵਾਹੀ ਹੀ ਪੁਰਾਣੇ ਜ਼ਮਾਨੇ ਦੇ ਹੋਰਨਾਂ ਲੇਖਕਾਂ ਵੱਲੋਂ ਆਉਂਦੀ ਹੈ। ਯੂਸੇਬਿਉਸ ਨੇ ਖੁਦ ਲਿਖਿਆ,

> [ਉਨ੍ਹਾਂ ਨੇ] ਮਰਕੁਸ ਨੂੰ ਬੇਨਤੀ ਕੀਤੀ, ਜਿਸ ਦੀ ਇੰਜੀਲ ਪ੍ਰਚਲਿਤ ਹੈ, ਇਹ ਵੇਖਦੇ ਹੋਏ ਕਿ ਉਹ ਪਤਰਸ ਦਾ ਚੇਲਾ ਸੀ, ਕਿ ਉਸ ਸਿੱਖਿਆ ਨੂੰ ਜੋ ਉਨ੍ਹਾਂ ਨੂੰ ਜ਼ੁਬਾਨੀ ਦਿੱਤੀ ਗਈ ਸੀ ਲਿਖਤ ਵਿਚ ਛੱਡ ਕੇ ਜਾਵੇ, ਉਹ ਤਦ ਤੱਕ ਨਹੀਂ ਰੁਕੇ ਜਦੋਂ ਤੱਕ ਉਨ੍ਹਾਂ ਨੇ ਉਸ ਨੂੰ ਲਿਖਣ ਲਈ ਨਹੀਂ ਮਨਾ ਲਿਆ ਅਤੇ ਇਸ ਤਰ੍ਹਾਂ ਇਹ ਵਚਨ ਦੇ ਲਈ ਮਰਕੁਸ ਦੀ ਇੰਜੀਲ ਕਹੇ ਜਾਣ ਦਾ ਸਬੱਬ ਬਣਿਆ।[8]

ਉਪਲਬਧ ਆਰੰਭਕ ਇਤਹਾਸਕ ਲਿਖਤਾਂ ਜੋ ਕਿ ਵਾਪਸ ਦੂਜੀ ਸਦੀ ਦੇ ਆਰੰਭ ਤੱਕ ਜਾਂਦੀਆਂ ਹਨ, ਇਹ ਹੈ ਕਿ ਪਤਰਸ ਨੇ ਆਪਣੇ "ਕੂਚ" ਤੋਂ ਬਾਅਦ ਆਪਣੇ ਪਾਠਕਾਂ ਲਈ "ਇਨ੍ਹਾਂ ਚੀਜ਼ਾਂ" ਨੂੰ ਉਪਲਬਧ ਕਰਵਾ ਕੇ ਆਪਣੇ ਵਾਅਦੇ ਨੂੰ ਪੂਰਾ ਕੀਤਾ। ਮਰਕੁਸ ਦੀ ਇੰਜੀਲ ਉਸ ਦੇ ਵਾਅਦੇ ਦਾ ਪੂਰਾ ਹੋਣਾ ਪ੍ਰਤੀਤ ਹੁੰਦਾ ਹੈ।

## "ਉਹ ਦੀ ਮਹਾਨਤਾ ਦੇ ਚਸ਼ਮਦੀਦ ਗਵਾਹ" (1:16-18)

**16ਕਿਉਂ ਜੋ ਅਸਾਂ ਤੁਹਾਨੂੰ ਆਪਣੇ ਪ੍ਰਭੂ ਯਿਸੂ ਮਸੀਹ ਦੀ ਸਮਰੱਥਾ ਅਤੇ ਆਉਣ ਤੋਂ ਮਹਿਰਮ ਜੋ ਕੀਤਾ ਤਾਂ ਚਤਰਾਈ ਦੀਆਂ ਬਣਾਉਟੀ ਕਹਾਣੀਆਂ ਦੇ ਮਗਰ ਲੱਗ ਕੇ ਨਹੀਂ**

**ਸਗੋਂ ਉਹ ਦੀ ਮਹਾਨਤਾ ਨੂੰ ਆਪਣੀ ਅੱਖੀਂ ਵੇਖ ਕੇ ਕੀਤਾ। [17]ਕਿਉਂ ਜੋ ਉਹ ਨੂੰ ਪਿਤਾ ਪਰਮੇਸ਼ੁਰ ਕੋਲੋਂ ਆਦਰ ਅਤੇ ਵਡਿਆਈ ਮਿਲੀ ਸੀ ਜਿਸ ਵੇਲੇ ਓਸ ਡਾਢੇ ਭੜਕ ਵਾਲੇ ਤੇਜ ਤੋਂ ਉਹ ਨੂੰ ਇਹ ਸ਼ਬਦ ਆਇਆ ਭਈ ਇਹ ਮੇਰਾ ਪਿਆਰਾ ਪੁੱਤ੍ਰ ਹੈ ਜਿਸ ਤੋਂ ਮੈਂ ਪਰਸਿੰਨ ਹਾਂ। [18]ਅਤੇ ਇਹ ਸ਼ਬਦ ਅਸਾਂ ਜਿਸ ਵੇਲੇ ਪਵਿੱਤਰ ਪਹਾੜ ਉੱਤੇ ਉਹ ਦੇ ਨਾਲ ਸਾਂ ਤਾਂ ਅਕਾਸ਼ੋਂ ਆਉਂਦਾ ਸੁਣਿਆ।**

ਇੱਥੇ ਆਪਣੀ ਪੱਤ੍ਰੀ ਵਿਚ, ਪਤਰਸ ਸਿੱਧੇ ਤੌਰ ਤੇ ਉਨ੍ਹਾਂ ਇਲਜ਼ਾਮਾਂ ਦਾ ਜਵਾਬ ਦਿੰਦਾ ਪ੍ਰਤੀਤ ਹੁੰਦਾ ਹੈ ਜੋ ਉਸ ਦੇ ਵਿਰੁੱਧ ਲਗਾਏ ਗਏ ਸਨ, ਜਾਂ ਸ਼ਾਇਦ ਇਹ ਇਲਜ਼ਾਮ ਉਸ ਦੇ ਅਤੇ ਹੋਰਨਾਂ ਦੇ ਵਿਰੁੱਧ ਸਨ ਜਿਹੜੇ ਧਰਤੀ ਉੱਤੇ ਯਿਸੂ ਦੀ ਸੇਵਕਾਈ ਦੌਰਾਨ ਉਸ ਦੇ ਨਾਲ ਮੌਜੂਦ ਸਨ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਝੂਠੇ ਗੁਰੂਆਂ ਨੇ ਪਤਰਸ ਤੇ ਉਸ ਦੇ ਅਧਿਕਾਰ ਨੂੰ ਸਹਾਰਾ ਦੇਣ ਦੇ ਲਈ ਯਿਸੂ ਬਾਰੇ ਕਹਾਣੀਆਂ ਦੀ ਖੋਜ ਕਰਨ ਦਾ ਇਲਜ਼ਾਮ ਲਗਾਇਆ ਸੀ। ਪਤਰਸ ਨੇ ਇਸ ਦਾ ਇਨਕਾਰ ਕੀਤਾ। ਆਪਣੀ ਗੱਲ ਤੇ ਜ਼ੋਰ ਦੇਣ ਲਈ, ਉਸ ਨੇ ਇਸ ਸ਼ਾਨਦਾਰ ਘਟਨਾ ਦੇ ਲਈ ਆਪਣੀ ਗਵਾਹੀ ਨੂੰ ਦੁਹਰਾਇਆ। ਇਹ ਉਹ ਘਟਨਾ ਸੀ ਜਿਸ ਨੇ ਸ਼ਾਇਦ ਹੋਰ ਕਿਸੇ ਘਟਨਾ ਨਾਲੋਂ ਵੱਧ ਕੇ ਪ੍ਰਭੂ ਦੀ ਈਸ਼ੁਰਤਾਈ ਦੀ ਪੁਸ਼ਟੀ ਕੀਤੀ ਸੀ।

**ਆਇਤ 16.** ਰਸੂਲ ਨੇ ਇਸ ਗੱਲ ਦਾ ਇਨਕਾਰ ਕੀਤਾ ਕਿ ਉਹ ਅਤੇ ਉਸ ਦੇ ਸਾਥੀ ਰਸੂਲੀ ਗਵਾਹ **ਚਤਰਾਈ ਦੀਆਂ ਬਣਾਉਟੀ ਕਹਾਣੀਆਂ** ਦੁਆਰਾ ਮਹਿਰਮ ਕੀਤੇ ਗਏ ਸਨ। ਜਦੋਂ ਪਤਰਸ ਅਤੇ ਹੋਰਨਾਂ ਨੇ ਸਰੋਤਿਆਂ ਨੂੰ ਅਨੋਖੀਆਂ ਘਟਨਾਵਾਂ ਦੇ ਬਾਰੇ ਦੱਸਿਆ ਜੋ ਯਿਸੂ ਦੀ ਸੇਵਕਾਈ ਦੇ ਇਰਦ-ਗਿਰਦ ਘੁੰਮਦੀਆਂ ਸਨ, ਕਈਆਂ ਨੇ ਉਨ੍ਹਾਂ ਨੂੰ ਸਿਰਫ "ਕਿੱਸੇ" ਜਾਂ "ਪੁਰਾਣ ਕਥਾਵਾਂ" (μῦθος, *ਮੁਥੋਸ*) ਕਹਿ ਕੇ ਰੱਦ ਕਰ ਦਿੱਤਾ ਸੀ। ਬਹੁਤ ਸਾਰੇ ਧਰਮ ਦਾਰਸ਼ਨਿਕ ਦ੍ਰਿਸ਼ਟੀਕੋਣਾਂ ਅਤੇ ਨੈਤਿਕ ਵਿਚਾਰਾਂ ਨੂੰ ਵਿਅਕਤ ਕਰਨ ਲਈ, ਉਨ੍ਹਾਂ ਦੇਵੀ-ਦੇਵਤਿਆਂ ਦੀਆਂ ਪੁਰਾਣ ਕਥਾਵਾਂ, ਅਨੰਤ ਕਹਾਣੀਆਂ ਤੇ ਨਿਰਭਰ ਹੁੰਦੇ ਹਨ ਜੋ ਅਨੋਖੇ ਤਰੀਕੇ ਨਾਲ ਮਨੁੱਖਜਾਤੀ ਨਾਲ ਮਿਲਦੀਆਂ ਹਨ। ਪੁਰਾਣ ਕਥਾਵਾਂ ਮਨੁੱਖੀ ਦੁਬਿਧਾਵਾਂ, ਇੱਛਾਵਾਂ, ਡਰ ਅਤੇ ਆਸਾਂ ਨੂੰ ਵਿਅਕਤ ਕਰਨ ਦੇ ਪ੍ਰਭਾਵਸ਼ਾਲੀ ਸਾਧਨ ਹਨ। ਯੂਨਾਨੀ ਧਰਮ ਪੁਰਾਣ ਕਥਾਵਾਂ ਨਾਲ ਭਰਿਆ ਪਿਆ ਸੀ, ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਸਦੀਆਂ ਪੁਰਾਣੀਆਂ ਸਨ। ਪੁਰਾਣੇ ਜ਼ਮਾਨੇ ਦੇ ਲੋਕ ਸਨ ਅਤੇ ਅੱਜ ਕੱਲ੍ਹ ਦੇ ਲੋਕ ਹਨ ਜਿਹੜੇ ਦੇਵਤਿਆਂ ਅਤੇ ਦੇਵੀਆਂ ਬਾਰੇ ਪੁਰਾਣ ਕਥਾਵਾਂ ਨਾਲ ਜਿਨ੍ਹਾਂ ਦਾ ਗੈਰ-ਯਹੂਦੀ ਸਮਾਜ ਵਿਚ ਪ੍ਰਚਾਰ ਕੀਤਾ ਗਿਆ ਸੀ ਬਾਈਬਲ ਦੀਆਂ ਘਟਨਾਵਾਂ ਖਾਸ ਕਰਕੇ ਉਨ੍ਹਾਂ ਦਾ ਜਿਹੜੀਆਂ ਚਮਤਕਾਰੀ ਕੰਮਾਂ ਦੀ ਗਵਾਹੀ ਦਿੰਦੀਆਂ ਹਨ ਵਰਗੀਕਰਨ ਕਰਨਾ ਚਾਹੁੰਦੇ ਹਨ। ਪਤਰਸ ਨੇ ਇਸ ਗੱਲ ਦਾ ਇਨਕਾਰ ਕੀਤਾ ਕਿ ਘਟਨਾਵਾਂ ਜਿਨ੍ਹਾਂ ਦਾ ਉਸ ਨੇ ਅਨੁਭਵ ਕੀਤਾ ਸੀ ਪ੍ਰਸਿੱਧ ਪੁਰਾਣ ਕਥਾਵਾਂ ਦੀ ਸ਼ਰੇਣੀ ਵਿਚ ਆਉਂਦੀਆਂ ਸਨ।

ਮਸੀਹੀ ਨਿਹਚਾ ਸਚਿਆਈ ਦੇ ਆਪਣੇ ਦਾਅਵੇ ਨੂੰ ਉਨ੍ਹਾਂ ਘਟਨਾਵਾਂ ਤੇ ਅਧਾਰਿਤ ਕਰਦੀ ਹੈ ਜੋ ਅਸਲ ਸਮੇਂ ਵਿਚ ਹੋਈਆਂ ਸਨ। ਬਾਈਬਲ ਦੇ ਗਵਾਹਾਂ ਦੀ ਇਤਹਾਸਕ ਗਵਾਹੀ ਦਾ ਇਨਕਾਰ ਕਰਨਾ ਮਸੀਹੀ ਸੰਦੇਸ਼ ਦੇ ਆਧਾਰ ਨੂੰ ਖੋਖਲਾ ਕਰਨਾ ਹੈ। ਪਤਰਸ ਨੇ ਐਲਾਨ ਕੀਤਾ, **ਅਸਾਂ ਤੁਹਾਨੂੰ ਆਪਣੇ ਪ੍ਰਭੂ ਯਿਸੂ ਮਸੀਹ ਦੀ ਸਮਰੱਥਾ ਅਤੇ ਆਉਣ ਤੋਂ ਮਹਿਰਮ ਜੋ ਕੀਤਾ।** ਰਸੂਲਾਂ ਨੇ "ਚਤਰਾਈ ਦੀਆਂ ਬਣਾਉਟੀ ਕਹਾਣੀਆਂ" ਧਿਆਨ ਨਾਲ

ਨਹੀਂ ਸੁਣਿਆ। ਮਸੀਹੀ ਲੋਕਾਂ ਦੇ ਲਈ, ਇਤਹਾਸ ਨੂੰ ਨਿਹਚਾ ਤੋਂ ਇਕ ਵੱਖਰੀ ਸ਼ਰੇਣੀ ਵਿਚ ਨਹੀਂ ਰੱਖਿਆ ਜਾ ਸਕਦਾ। ਨਿਹਚਾ ਅਤੇ ਇਤਹਾਸ ਆਪਸ ਵਿਚ ਗੁੰਦੇ ਹੋਏ ਹਨ। ਯਿਸੂ ਦੀ "ਸਮਰੱਥਾ" ਉਸ ਦੀ ਸੇਵਕਾਈ ਦੇ ਆਰੰਭ ਤੋਂ ਹੀ ਸਪੱਸ਼ਟ ਸੀ। ਮਨੁੱਖਾਂ ਵਿਚ ਰਹਿੰਦੇ ਹੋਏ, ਉਹ ਮਨੁੱਖ ਜਿਨ੍ਹਾਂ ਨੂੰ ਉਸ ਨੇ ਰਚਿਆ ਸੀ, ਯਿਸੂ ਨੇ ਚਮਤਕਾਰੀ ਢੰਗ ਨਾਲ ਅਤੇ ਲਾਇਲਾਜ ਬਿਮਾਰਾਂ ਨੂੰ ਚੰਗਿਆਂ ਕੀਤਾ। ਜਦੋਂ ਉਸ ਨੇ ਪੌਣ ਅਤੇ ਲਹਿਰਾਂ ਨੂੰ ਸ਼ਾਂਤ ਕੀਤਾ, ਚੇਲਿਆਂ ਦੀ ਪ੍ਰਤੀਕ੍ਰਿਆ ਉਸੇ ਤਰ੍ਹਾਂ ਦੀ ਸੀ ਜਿਵੇਂ ਉਮੀਦ ਕੀਤੀ ਗਈ ਸੀ: "ਇਹ ਕੌਣ ਹੈ ਕਿ ਪੌਣ ਅਤੇ ਝੀਲ ਵੀ ਉਹ ਦੀ ਮੰਨ ਲੈਂਦੇ ਹਨ?" (ਮਰਕੁਸ 4:41)। ਸਦੀਆਂ ਨੇ ਇਹੋ ਜਿਹੇ ਬਹੁਤ ਸਾਰੇ ਪ੍ਰਚਾਰਕ ਵੇਖੇ ਹਨ ਜਿਨ੍ਹਾਂ ਦੇ ਸੰਦੇਸ਼ ਵਿਭਿੰਨ ਅਤੇ ਵਿਪਰੀਤ ਸਨ। ਯਿਸੂ ਦੇ ਚੇਲੇ ਜਾਣਦੇ ਹਨ ਕਿ ਉਨ੍ਹਾਂ ਦੇ ਉਪਦੇਸ਼ਕ ਦੀ ਤੁਲਨਾ ਦੂਸਰਿਆਂ ਨਾਲ ਨਹੀਂ ਹੋਣੀ ਹੈ। ਉਸ ਨੇ ਸਚਿਆਈ ਦਾ ਲਬਾਦਾ ਪਹਿਨਿਆ ਹੋਇਆ ਸੀ। ਉਹ ਜਾਣਦੇ ਹਨ ਕਿ ਯਿਸੂ ਸੱਚਾ ਹੈ, ਹੋਰਨਾਂ ਗੱਲਾਂ ਵਿਚ, ਕਿਉਂਕਿ ਉਹ "ਸਮਰੱਥਾ" ਨਾਲ ਆਇਆ ਸੀ। ਉਹ ਜਾਣਦੇ ਹਨ ਕਿ ਉਹ "ਸਮਰੱਥਾ" ਨਾਲ ਆਇਆ ਹੈ ਕਿਉਂਕਿ **ਉਹ ਦੀ ਮਹਾਨਤਾ ਦੇ ਚਸ਼ਮਦੀਦ ਗਵਾਹ** ਬੇਹੱਦ ਪ੍ਰਸ਼ੰਸਾਯੋਗ ਹਨ।

ਕੁਝ ਦਲੀਲ ਦਿੰਦੇ ਹਨ ਕਿ "ਸਾਡੇ ਪ੍ਰਭੂ ਦੇ ਆਉਣ" ਬਾਰੇ ਪਤਰਸ ਦੀ ਗੁੱਝੀ ਗੱਲ ਯਿਸੂ ਦੀ ਪਹਿਲੀ ਆਮਦ ਦਾ ਹਵਾਲਾ ਦਿੰਦੀ ਹੈ; ਕੁਝ ਇਹ ਦਾਅਵਾ ਕਰਦੇ ਹਨ ਕਿ ਇਹ ਉਸ ਦੀ ਦੂਜੀ ਆਮਦ ਹੈ। ਫਿਰ ਵੀ, ਝੂਠੇ ਨਬੀ ਜਿਨ੍ਹਾਂ ਨਾਲ ਪਤਰਸ ਦਾ ਸਾਹਮਣਾ ਹੋਇਆ ਸੀ ਇਹ ਇਨਕਾਰ ਕਰ ਰਹੇ ਸਨ ਕਿ ਯਿਸੂ ਦੁਬਾਰਾ ਆ ਰਿਹਾ ਸੀ (3:3–10); ਸਰੀਰ ਵਿਚ ਉਸ ਦੀ ਪਹਿਲੀ ਆਮਦ ਬਾਰੇ ਕੋਈ ਸਵਾਲ ਖੜ੍ਹਾ ਹੁੰਦਾ ਪ੍ਰਤੀਤ ਨਹੀਂ ਹੁੰਦਾ। ਉਹ ਘਟਨਾ ਜਿਸ ਦਾ ਪਤਰਸ ਨੇ ਯਿਸੂ ਦਾ ਰੂਪ ਬਦਲਣ ਸਮੇਂ ਅਨੁਭਵ ਕੀਤਾ ਸੀ "ਸਾਡੇ ਪ੍ਰਭੂ ਦੀ ਸਮਰੱਥਾ ਅਤੇ ਆਮਦ" ਦੋਹਾਂ ਦੀ ਪੁਸ਼ਟੀ ਕਰਦੀ ਹੈ। ਮਸੀਹ ਦੀ ਦੂਜੀ ਆਮਦ ਦਾ ਸਮਾਂ ਅਤੇ ਸੁਭਾਅ 2 ਪਤਰਸ ਦਾ ਮੁੱਦਾ ਹੈ, ਨਾ ਕਿ ਉਸ ਦੀ ਪਹਿਲੀ ਆਮਦ।

ਪਤਰਸ ਨੇ ਇਹ ਕਹਿਣ ਤੋਂ ਸੰਕੋਚ ਨਹੀਂ ਕੀਤਾ ਕਿ ਪ੍ਰਭੂ ਦੇ ਦੁਬਾਰਾ ਆਉਣ ਬਾਰੇ ਉਸ ਦਾ ਸਰਲ ਐਲਾਨ ਕਾਫ਼ੀ ਸੀ। ਜੇਕਰ ਉਸ ਨੇ ਦੁਬਾਰਾ ਆਉਣ ਬਾਰੇ ਵਾਅਦਾ ਕੀਤਾ ਸੀ, ਮਸੀਹੀ ਲੋਕ ਇਸ ਗੱਲ ਦਾ ਭਰੋਸਾ ਕਰ ਸਕਦੇ ਸਨ ਕਿ ਉਹ ਦੁਬਾਰਾ ਜ਼ਰੂਰ ਆਵੇਗਾ। ਉਸ ਦੇ ਵਿਰੋਧੀਆਂ ਨੇ ਉਸ ਸਮੇਂ ਦੇ ਬਾਰੇ ਅੰਦਾਜ਼ਾ ਲਗਾਇਆ ਹੋਵੇਗਾ ਜਦੋਂ ਪ੍ਰਭੂ ਦੁਬਾਰਾ ਆਵੇਗਾ, ਜਾਂ ਉਨ੍ਹਾਂ ਨੇ ਇਹ ਐਲਾਨ ਕੀਤਾ ਹੋਵੇਗਾ ਕਿ ਉਹ ਪਹਿਲਾਂ ਹੀ ਆਤਮਿਕ, ਗੈਰ-ਜਥਾਰਥ ਤਰੀਕੇ ਨਾਲ ਆ ਚੁੱਕਾ ਸੀ। ਪਤਰਸ ਨੇ "ਪਵਿੱਤਰ ਪਹਾੜ" ਉੱਤੇ ਯਿਸੂ ਦੀ ਸਮਰੱਥਾ ਨੂੰ ਵੇਖਿਆ ਸੀ (1:18)। ਰੂਪ ਦਾ ਬਦਲਣਾ ਜੋ ਉਸ ਨੇ ਵੇਖਿਆ ਸੀ ਇਸ ਦਾ ਚੋਖਾ ਪਰਿਣਾਮ ਸੀ ਕਿ ਯਿਸੂ ਫੇਰ ਦੁਬਾਰਾ ਆਵੇਗਾ। ਉਹ ਆਉਣਾ ਹਾਲੇ ਭਵਿੱਖ ਵਿਚ ਸੀ।

ਭਰੋਸੇਮੰਦ ਹੋਣ ਦਾ ਇਕ ਹੋਰ ਵਾਧੂ ਕਾਰਣ ਇਹ ਹੈ ਕਿ ਇਹ ਮਸੀਹ ਦੀ ਦੂਜੀ ਆਮਦ ਸੀ ਜੋ ਪਤਰਸ ਦੇ ਮਨ ਵਿਚ ਸੀ। ਜੇਕਰ ਉਸ ਦੇ ਸ਼ਬਦ ਗਲੀਲ ਅਤੇ ਯਹੂਦਿਯਾ ਵਿਚ ਯਿਸੂ ਦੇ ਪਹਿਲੀ ਵਾਰ ਆਉਣ ਦਾ ਹਵਾਲਾ ਦਿੰਦੇ ਹਨ, ਨਵੇਂ ਨੇਮ ਵਿਚ ਸਿਰਫ ਇਹੋ ਇਕ ਥਾਂ ਹੈ ਜਿੱਥੇ παρουσία (*ਪਰਾਉਸੀਆ*, "ਆਉਣਾ") ਸ਼ਬਦ ਮਨੁੱਖੀ ਰੂਪ ਵਿਚ ਯਿਸੂ ਦੇ ਆਉਣ ਲਈ ਵਰਤਿਆ ਗਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪਤਰਸ ਭਵਿੱਖ ਵੱਲ ਨਜ਼ਰ ਮਾਰ ਰਿਹਾ ਸੀ ਜਦੋਂ ਉਸ ਨੇ "ਸਾਡੇ ਪ੍ਰਭੂ ਦੇ ਆਉਣ" ਦਾ ਹਵਾਲਾ ਦਿੱਤਾ।

ਪਤਰਸ ਨੇ "ਸਮਰੱਥਾ" ਸ਼ਬਦ ਪਿੱਛੇ ਮੁੜ ਕੇ ਸਮੇਂ ਦੇ ਉਸ ਪਲ ਵੱਲ ਤੱਕਣ ਲਈ ਵਰਤਿਆ ਜਦੋਂ ਪਰਮੇਸ਼ੁਰ ਦਾ ਪੁੱਤਰ ਮਨੁੱਖਾਂ ਵਿਚ ਚੱਲਦਾ ਫਿਰਦਾ ਸੀ। ਫਿਰ ਉਸ ਨੇ ਆਪਣੀਆਂ ਨਜ਼ਰਾਂ ਉਸ ਸਮੇਂ ਵੱਲ ਘੁੰਮਾਈਆਂ ਜੋ ਹਾਲੇ ਆਉਣ ਵਾਲਾ ਸੀ। ਜਿਵੇਂ ਰਸੂਲਾਂ ਨੇ ਯਿਸੂ ਦੀ "ਸਮਰੱਥਾ" ਤੋਂ ਮਹਿਰਮ ਕੀਤਾ ਸੀ, ਉਨ੍ਹਾਂ ਨੇ ਉਸ ਦੇ "ਆਉਣ" ਤੋਂ ਵੀ ਮਹਿਰਮ ਕੀਤਾ ਸੀ। ਯਿਸੂ ਇਕ ਮਨੁੱਖ ਦੀ ਇਤਹਾਸਕ ਯਾਦਗਾਰੀ ਤੋਂ ਕਿਤੇ ਵੱਧ ਕੇ ਸੀ ਜਿਹੜੇ ਬੀਤੇ ਸਮੇਂ ਵਿਚ ਇਸ ਧਰਤੀ ਉੱਤੇ ਰਹੇ ਸਨ। ਉਹ ਜ਼ਿੰਦਾ ਪ੍ਰਭੂ ਵੀ ਹੈ ਜਿਹੜਾ ਦੁਬਾਰਾ "ਆ ਰਿਹਾ" ਹੈ।

ਆਪਣੀ ਪਹਿਲੀ ਪੱਤ੍ਰੀ ਵਿਚ, ਰਸੂਲ ਨੇ ਪ੍ਰਭੂ ਦੇ "ਪਰਗਟ ਹੋਣ" (ἀποκάλυψις, *ਅਪੋਕਲੁਪਸਿਸ*) ਦੀ ਗੱਲ ਕੀਤੀ ਸੀ (1 ਪਤਰਸ 1:7, 13; 4:13), ਪਰ ਦੂਜੀ ਪੱਤ੍ਰੀ ਵਿਚ ਉਸ ਨੇ "ਆਉਣ" (παρουσία, *ਪਰਾਉਸੀਆ*; 2 ਪਤਰਸ 1:16; 3:4, 12) ਸ਼ਬਦ ਨੂੰ ਤਰਜੀਹ ਦਿੱਤੀ। *ਪਰਾਉਸੀਆ* ਸ਼ਬਦ ਕਈ ਵਾਰ ਕਿਸੇ ਦੀ ਵੀ ਮੌਜੂਦਗੀ ਜਾਂ ਆਉਣ ਲਈ ਇਕ ਆਮ ਭਾਵ ਵਿਚ ਵਰਤਿਆ ਜਾਂਦਾ ਸੀ; ਪਰ ਜਦੋਂ ਚੇਲਿਆਂ ਨੇ ਖੁਸ਼ਖ਼ਬਰੀ ਨੂੰ ਫੈਲਾਇਆ, ਇਹ ਪ੍ਰਭੂ ਦੇ "ਆਉਣ" ਲਈ ਇਕ ਤਕਨੀਕੀ ਸ਼ਬਦ ਬਣ ਗਿਆ, ਯੁੱਗ ਦਾ ਅੰਤ ਜਦੋਂ ਉਹ ਸੰਸਾਰ ਦਾ ਨਿਆਂ ਕਰੇਗਾ। ਪਤਰਸ ਦੇ ਵਾਂਗ, ਪੌਲੁਸ ਨੇ ਬਦਲ-ਬਦਲ ਕੇ "ਪਰਗਟ ਹੋਣ" ਅਤੇ "ਆਉਣ" ਦੇ ਲਈ ਦੋਵੇਂ ਸ਼ਬਦ ਵਰਤੇ।

ਪੁਰਾਣ ਕਥਾਵਾਂ ਜੋ ਗੈਰ-ਯਹੂਦੀ ਲੋਕਾਂ ਲਈ ਆਮ ਸਨ ਉਨ੍ਹਾਂ ਦਾ ਮਨੋਰੰਜਨ ਅਤੇ ਮਨੁੱਖਾਂ ਦੇ ਕਾਰਜਾਂ ਬਾਰੇ ਉਨ੍ਹਾਂ ਨੇ ਜੋ ਵੀ ਸਮਾਜਿਕ ਅਤੇ ਮਨੋਵਿਗਿਆਨਕ ਕਮੈਂਟਰੀਆਂ ਬਣਾਈਆਂ ਉਨ੍ਹਾਂ ਦਾ ਕੋਈ ਉਦੇਸ਼ ਨਹੀਂ ਸੀ। ਉਹ ਅਸਲ ਘਟਨਾਵਾਂ ਬਾਰੇ ਨਹੀਂ ਸਨ ਜੋ ਇਤਹਾਸ ਵਿਚ ਵਾਪਰੀਆਂ ਸਨ। ਤੁਲਨਾ ਵਿਚ, ਪਤਰਸ ਦਾ ਸੰਦੇਸ਼ ਪ੍ਰਭੂ ਦੀ "ਸਮਰੱਥਾ ਅਤੇ ਆਉਣ" ਬਾਰੇ ਸੀ। ਉਸ ਨੇ ਉਸ ਮਨੁੱਖ ਦੀ ਗਵਾਹੀ ਦਿੱਤੀ ਜਿਹੜਾ ਸਮੇਂ ਵਿਚ ਰਹਿੰਦਾ ਸੀ, ਉਹ ਮਨੁੱਖ ਜਿਸ ਦੀਆਂ ਗੱਲਾਂ ਅਤੇ ਕੰਮ ਉਸ ਦੀ "ਸਮਰੱਥਾ" ਦਾ ਐਲਾਨ ਕਰਦੇ ਸਨ। ਉਹੋ ਯਿਸੂ ਜਿਹੜਾ ਫ਼ਲਿਸਤੀਨ ਵਿਚ ਰਹਿੰਦਾ ਸੀ ਅੰਤ ਦੇ ਸਮੇਂ ਨਿਆਂ ਵਿਚ ਪਰਗਟ ਹੋਵੇਗਾ ਜਦੋਂ ਧਰਤੀ ਇਸ ਦੀਆਂ ਸਭ ਚੀਜ਼ਾਂ ਸਮੇਤ ਬਰਬਾਦ ਕਰ ਦਿੱਤੀ ਜਾਵੇਗੀ (3:10, 12)।

"ਚਤਰਾਈ ਦੀਆਂ ਬਣਾਉਟੀ ਕਹਾਣੀਆਂ" ਦੇ ਪਿੱਛੇ ਲੱਗਣ ਦੀ ਬਜਾਇ, ਪਤਰਸ ਨੇ ਐਲਾਨ ਕੀਤਾ ਕਿ ਉਹ ਅਤੇ ਹੋਰ ਲੋਕਾਂ ਨੇ "ਉਹ ਦੀ ਮਹਾਨਤਾ ਨੂੰ ਅੱਖੀਂ ਵੇਖਿਆ" ਸੀ। ਅਨੁਵਾਦ ਕੀਤਾ ਗਿਆ ਸ਼ਬਦ "ਅੱਖੀਂ ਵੇਖ ਕੇ," ἐποπτης (*ਈਪੌਪਟਸ*) ਨਵੇਂ ਨੇਮ ਵਿਚ ਸਿਰਫ ਇੱਥੇ ਵਰਤਿਆ ਗਿਆ ਹੈ; ਪਰ ਉਸੇ ਰਸੂਲ ਨੇ ਸ਼ਬਦ ਦਾ ਕਿਰਿਆ ਰੂਪ (ἐποπτεύω, *ਈਪੌਪਟੀਓ*) ਦੋ ਵਾਰ ਵਰਤਿਆ (1 ਪਤਰਸ 2:12; 3:2)। ਇਹ ਨਵੇਂ ਨੇਮ ਵਿਚ ਹੋਰ ਕਿਤੇ ਨਹੀਂ ਮਿਲਦਾ।

ਪਤਰਸ ਨੇ ਆਪਣੇ ਪਾਠਕਾਂ ਅੱਗੇ ਸੁਣੀ ਸੁਣਾਈ ਗੱਲ ਪੇਸ਼ ਨਹੀਂ ਕੀਤੀ। ਝੂਠੇ ਉਪਦੇਸ਼ਕ ਪ੍ਰਭੂ ਬਾਰੇ ਕਹੀਆਂ ਗੱਲਾਂ ਬਾਰੇ ਆਪਣੇ-ਆਪਣੇ ਵਿਚਾਰ ਵਿਅਕਤ ਕਰ ਸਕਦੇ ਸਨ, ਪਰ ਪਤਰਸ ਉੱਥੇ ਹੀ ਸੀ। ਇਹ ਉਹ ਘਟਨਾ ਨਹੀਂ ਹੈ ਕਿ ਰਸੂਲ 1:15 ਵਿਚ "ਮੈਂ" ਪੜਨਾਂਵ ਤੋਂ 1:16 ਵਿਚ "ਅਸਾਂ" ਪੜਨਾਂਵ ਵੱਲ ਗਿਆ। ਉਹ ਚਸ਼ਮਦੀਦ ਗਵਾਹ ਸੀ, ਪਰ ਉਹ ਇਕਲੌਤਾ ਗਵਾਹ ਨਹੀਂ ਸੀ। ਪਤਰਸ ਦੀ ਗਵਾਹੀ ਦੀ ਹੋਰਨਾਂ ਦੁਆਰਾ ਪੁਸ਼ਟੀ ਕੀਤੀ ਗਈ ਸੀ। ਇਸ ਗੱਲ ਨੂੰ ਪੇਸ਼ ਕਰਨ ਤੋਂ ਬਾਅਦ, ਰਸੂਲ ਨੇ ਆਪਣਾ ਧਿਆਨ ਇਕ ਖਾਸ

ਘਟਨਾ, ਇਕ ਅਨੋਖੀ ਘਟਨਾ ਵੱਲ ਮੋੜਿਆ ਜਿਹੜੀ ਉਸ ਨੇ ਆਪਣੇ ਅੱਖੀਂ ਵੇਖੀ ਸੀ।

**ਆਇਤ 17.** ਸੰਖਿਪਤ ਇੰਜੀਲਾਂ ਵਿਚ, ਯਿਸੂ ਦੇ ਰੂਪ ਦਾ ਬਦਲਣਾ ਚੇਲਿਆਂ ਦੇ ਲਈ ਇਹ ਸਮਝਣ ਵਾਸਤੇ ਕਿ ਯਿਸੂ ਕੌਣ ਸੀ ਇਕ ਮਹੱਤਵਪੂਰਣ ਘਟਨਾ ਸੀ। ਤਿੰਨੇ ਵਿਰਤਾਂਤਾਂ ਵਿਚ (ਮੱਤੀ 17:1–8; ਮਰਕੁਸ 9:2–8; ਲੂਕਾ 9:28–36) ਇਹ ਕੈਸਰੀਆ ਫ਼ਿਲਿੱਪੀ ਵਿਚ ਚੇਲਿਆਂ ਨਾਲ ਯਿਸੂ ਦੇ ਵਾਰਤਾਲਾਪ ਤੋਂ ਪਹਿਲਾਂ ਹੋਇਆ ਹੈ (ਮੱਤੀ 16:13–20; ਮਰਕੁਸ 8:27–30; ਲੂਕਾ 9:18–22)। ਯਿਸੂ ਨੇ ਉਨ੍ਹਾਂ ਨੂੰ ਪੁੱਛਿਆ, "ਲੋਕ ਮਨੁੱਖ ਦੇ ਪੁੱਤ੍ਰ ਨੂੰ ਕੀ ਆਖਦੇ ਹਨ?" ਇਸ ਦੇ ਬਾਰੇ ਵੱਖ-ਵੱਖ ਰਾਇ ਸਨ। ਫਿਰ ਮਹੱਤਵਪੂਰਣ ਸਵਾਲ ਆਇਆ, "ਤੁਸੀਂ ਮੈਨੂੰ ਕੀ ਕਹਿੰਦੇ ਹੋ ਜੋ ਮੈਂ ਕੌਣ ਹਾਂ?" ਚੇਲਿਆਂ ਨੇ ਇਸ ਸਵਾਲ ਦਾ ਜਵਾਬ ਦੇਣ ਵਿਚ ਜੱਦੋ-ਜਹਿਦ ਕੀਤੀ ਹੋਵੇਗੀ। ਕੀ ਯਿਸੂ ਇਕ ਨਬੀ ਸੀ? ਕੀ ਉਹ ਮਸੀਹਾ ਸੀ? ਜੇਕਰ ਇਨ੍ਹਾਂ ਦੋਵਾਂ ਸਵਾਲਾਂ ਦਾ ਜਵਾਬ ਹਾਂ ਹੁੰਦਾ, ਉਨ੍ਹਾਂ ਲਈ ਇਹ ਸਮਝਣਾ ਹਾਲੇ ਵੀ ਦੂਰ ਸੀ ਕਿ ਉਹ ਰੱਬੀ ਸੀ, ਪਰਮੇਸ਼ੁਰ ਦਾ ਪੁੱਤਰ।

ਇਸ ਤੋਂ ਬਾਅਦ ਹੀ ਯਿਸੂ ਤਿੰਨ ਜਣਿਆਂ, ਪਤਰਸ, ਯਾਕੂਬ ਅਤੇ ਯੂਹੰਨਾ ਨਾਲ ਪਹਾੜ ਉੱਤੇ ਗਿਆ ਸੀ। ਉੱਥੇ ਉਨ੍ਹਾਂ ਨੇ ਉਸ ਦੇ ਰੂਪ ਨੂੰ ਬਦਲਦਾ ਵੇਖਿਆ। ਉੱਥੇ ਉਨ੍ਹਾਂ ਨੇ ਉਸ ਦੇ ਨਾਲ ਮੂਸਾ ਅਤੇ ਏਲੀਯਾਹ ਨੂੰ ਵੇਖਿਆ। ਸਭ ਤੋਂ ਮੁੱਖ ਗੱਲ ਇਹ ਸੀ ਕਿ ਉੱਥੇ ਹੀ ਉਨ੍ਹਾਂ ਨੇ ਉਸ ਬਾਰੇ ਪਰਮੇਸ਼ੁਰ ਦੀ ਗਵਾਹੀ ਸੁਣੀ ਸੀ। ਇਹ ਘਟਨਾ ਕੋਈ ਪੁਰਾਣ ਕਥਾ ਨਹੀਂ ਸੀ। ਪਤਰਸ ਨੇ ਇਸ ਦਾ ਇਸ ਲਈ ਹਵਾਲਾ ਦਿੱਤਾ ਕਿਉਂਕਿ, ਉਹ ਸਭ ਗੱਲਾਂ ਜਿਨ੍ਹਾਂ ਦਾ ਉਸ ਨੇ ਅਨੁਭਵ ਕੀਤਾ ਸੀ, ਪਰਮੇਸ਼ੁਰ ਵੱਲੋਂ ਇਹ ਗਵਾਹੀ ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਸੀ। ਸਗੋਂ ਉਸ ਸਮੇਂ ਪਹਾੜ ਉੱਤੇ ਵੀ, ਨਾ ਹੀ ਉਸ ਨੇ ਅਤੇ ਨਾ ਹੀ ਹੋਰਨਾਂ ਰਸੂਲਾਂ ਨੇ ਜੋ ਕੁਝ ਵੀ ਉਨ੍ਹਾਂ ਨੇ ਵੇਖਿਆ ਸੀ ਉਸ ਦੇ ਮਹੱਤਵ ਨੂੰ ਨਹੀਂ ਸੀ ਸਮਝਿਆ। ਹੁਣ, ਘਟਨਾਵਾਂ ਨੂੰ ਵਾਪਰੇ ਕਈ ਸਾਲ ਬੀਤ ਚੁੱਕੇ ਸਨ, ਉਹ ਉਨ੍ਹਾਂ ਨੂੰ ਬਿਹਤਰ ਸਮਝਿਆ।

ਪਤਰਸ ਨੇ ਕਿਹਾ ਕਿ ਪਹਾੜ ਉੱਤੇ ਯਿਸੂ ਨੂੰ **ਪਿਤਾ ਪਰਮੇਸ਼ੁਰ ਕੋਲੋਂ ਆਦਰ ਅਤੇ ਵਡਿਆਈ ਮਿਲੀ ਸੀ**। ਪਰਮੇਸ਼ੁਰ ਨੇ ਪਹਾੜ ਉੱਤੇ ਯਿਸੂ ਦੇ ਉਸ ਦਾ ਆਪਣਾ ਹੋਣ ਦਾ ਦਾਅਵਾ ਕੀਤਾ ਸੀ। ਉਸ ਨੇ ਉਹ ਦਾ ਆਦਰ ਕੀਤਾ ਸੀ। ਇਸ ਤੋਂ ਇਲਾਵਾ, ਯਿਸੂ ਦਾ ਉਸ ਦੇ ਚੇਲਿਆਂ ਦੀ ਮੌਜੂਦਗੀ ਵਿਚ ਰੂਪ ਬਦਲ ਗਿਆ ਸੀ। "ਉਹ ਦੇ ਮੂੰਹ ਦਾ ਰੂਪ ਹੋਰ ਹੀ ਹੋ ਗਿਆ ਅਤੇ ਉਹ ਦੀ ਪੁਸ਼ਾਕ ਚਿੱਟੀ ਅਤੇ ਚਮਕੀਲੀ ਹੋ ਗਈ" (ਲੂਕਾ 9:29)। ਉਨ੍ਹਾਂ ਨੇ ਉਸ ਦੇ ਤੇਜ ਨੂੰ ਉਸ ਤਰ੍ਹਾਂ ਵੇਖਿਆ ਜਿਵੇਂ ਉਨ੍ਹਾਂ ਨੇ ਪਹਿਲਾਂ ਵੇਖਿਆ ਸੀ। ਲੂਕਾ ਨੇ ਲਿਖਿਆ, "ਉਨ੍ਹਾਂ ਨੇ ਜਾਗਦਿਆਂ ਉਹ ਦੇ ਤੇਜ ਨੂੰ ਡਿੱਠਾ" (ਲੂਕਾ 9:32)। ਬਾਈਬਲ ਵਿਚ ਚਾਨਣ ਅਤੇ ਚਮਕ ਨੂੰ ਅਕਸਰ ਪਰਮੇਸ਼ੁਰ ਦੀ ਹਜ਼ੂਰੀ ਨਾਲ ਜੋੜ ਕੇ ਵੇਖਿਆ ਗਿਆ ਹੈ। ਮੂਸਾ ਬਲਦੀ ਹੋਈ ਝਾੜੀ ਵਿਚ ਪਰਮੇਸ਼ੁਰ ਦੀ ਹਜ਼ੂਰੀ ਦਾ ਗਵਾਹ ਸੀ (ਕੂਚ 3:3–6)। ਕੁਰਨੇਲਿਯੁਸ ਨੂੰ ਇਕ ਸੁਰਗਦੂਤ ਭੜਕੀਲੇ ਬਸਤਰ ਪਹਿਨੀ ਵਿਖਾਲੀ ਦਿੱਤਾ (ਰਸੂਲਾਂ ਦੇ ਕਰਤੱਬ 10:30)। ਯਸਾਯਾਹ ਨੇ ਲਿਖਿਆ, "ਕੌਮਾਂ ਤੇਰੇ ਚਾਨਣ ਵੱਲ ਆਉਣਗੀਆਂ ਅਤੇ ਰਾਜੇ ਤੇਰੇ ਚੜ੍ਹਾਓ ਦੀ ਚਮਕਾਹਟ ਵੱਲ" (ਯਸਾਯਾਹ 60:3)। ਇਹ ਉਸ ਦੇ ਤੇਜ ਦੀ ਚਮਕ ਸੀ ਜੋ ਪਤਰਸ ਅਤੇ ਉਸ ਦੇ ਸਾਥੀਆਂ ਨੇ ਪਹਾੜ ਉੱਤੇ ਆਪਣੀ ਅੱਖੀਂ ਵੇਖੀ ਸੀ।

ਇਸ ਤੋਂ ਇਲਾਵਾ ਰਸੂਲ ਨੇ ਪਰਮੇਸ਼ੁਰ ਨੂੰ **ਡਾਢੇ ਭੜਕ ਵਾਲੇ ਤੇਜ** ਵਜੋਂ ਪਛਾਣਿਆ। ਇਹ ਦਿਲਚਸਪ ਗੱਲ ਹੈ ਕਿ ਕਿਸੇ ਵੀ ਇੰਜੀਲ ਦਾ ਵਿਰਤਾਂਤ ਸਪੱਸ਼ਟ ਤੌਰ ਤੇ ਇਹ ਨਹੀਂ ਕਹਿੰਦਾ ਕਿ ਪਰਮੇਸ਼ੁਰ ਪਹਾੜ ਉੱਤੇ ਬੋਲਿਆ। ਤਿੰਨੇ ਵਿਰਤਾਂਤ ਕਹਿੰਦੇ ਹਨ ਕਿ ਅਕਾਸ਼ ਤੋਂ

ਇਕ ਅਵਾਜ਼ ਆਈ। ਬੇਸ਼ੱਕ, ਅਵਾਜ਼ ਜੋ ਯਿਸੂ ਦੇ ਉਸ ਦਾ ਪੁੱਤਰ ਹੋਣ ਦਾ ਦਾਅਵਾ ਕਰ ਰਹੀ ਸੀ ਸਿਰਫ ਪਰਮੇਸ਼ੁਰ ਦੀ ਹੀ ਹੋ ਸਕਦੀ ਸੀ। ਕਾਫੀ ਸਾਲਾਂ ਬਾਅਦ ਲਿਖਦਿਆਂ, ਪਤਰਸ ਉਸ ਪ੍ਰਭਾਵ ਨੂੰ ਮੁੜ ਯਾਦ ਕਰ ਸਕਦਾ ਸੀ ਜੋ ਪਰਮੇਸ਼ੁਰ ਤੇ ਤੇਜ ਨੇ ਉਸ ਉੱਤੇ ਅਤੇ ਹੋਰਨਾਂ ਛੱਡਿਆ ਸੀ। "ਪਿਤਾ ਪਰਮੇਸ਼ੁਰ," "ਡਾਢੇ ਭੜਕ ਵਾਲੇ ਤੇਜ" ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਸੀ ਕਿ ਉਨ੍ਹਾਂ ਦਾ ਮਿੱਤਰ ਅਤੇ ਗੁਰੂ ਹੋਰ ਕੋਈ ਨਹੀਂ ਪਰ ਪਰਮੇਸ਼ੁਰ ਦਾ ਪੁੱਤਰ ਸੀ।

"ਡਾਢੇ ਭੜਕ ਵਾਲੇ ਤੇਜ" ਨੇ ਪਹਾੜ ਉੱਤੇ ਐਲਾਨ ਕੀਤਾ ਸੀ, **ਇਹ ਮੇਰਾ ਪਿਆਰਾ ਪੁੱਤ੍ਰ ਹੈ ਜਿਸ ਤੋਂ ਮੈਂ ਪਰਸੰਨ ਹਾਂ**। ਇਹ ਸ਼ਬਦ ਮੱਤੀ ਦੀ ਲਿਖਤ ਦੇ ਬਹੁਤ ਨੇੜੇ ਹਨ, ਪਰ ਸੰਖੇਪ ਰੂਪ ਵਿਚ ਉਹੋ ਜਿਹੇ ਨਹੀਂ ਹਨ ਜਿਵੇਂ ਕਿ ਕਿਸੇ ਇੰਜੀਲ ਦੇ ਵਿਰਤਾਂਤਾਂ ਵਿਚ ਮਿਲਦੇ ਹਨ।[9] ਫਿਰ ਵੀ, ਉਨ੍ਹਾਂ ਸਭਨਾਂ ਦੀ ਤਸਦੀਕ ਵਿਚ, ਥੋੜ੍ਹਾ ਜਿਹਾ ਫ਼ਰਕ ਹੈ। ਤਿੰਨਾਂ ਸਿਨੋਪਟਿਕ ਇੰਜੀਲਾਂ ਵਿਚ "ਉਹ ਦੀ ਸੁਣੋ" ਆਗਿਆਵਾਚਕ ਜੋੜਿਆ ਗਿਆ ਹੈ। ਪਤਰਸ ਨੇ ਇਹ ਲਿਖਣਾ ਕਿਉਂ ਨਹੀਂ ਚੁਣਿਆ ਅਨਿਸ਼ਚਤ ਹੈ। ਸ਼ਾਇਦ ਰਸੂਲ ਦੀ ਚਿੰਤਾ ਉਸ ਇਤਹਾਸਕ ਗਵਾਹੀ ਦੀ ਪੁਸ਼ਟੀ ਕਰਨਾ ਸੀ ਜੋ ਪਰਮੇਸ਼ੁਰ ਨੇ ਪਹਾੜ ਉੱਤੇ ਦਿੱਤੀ ਸੀ। ਮੁੱਦੇ ਦੀ ਗੱਲ ਯਿਸੂ ਦੀ ਪਰਮੇਸ਼ੁਰ ਦੇ ਪੁੱਤਰ ਵਜੋਂ ਪਹਿਚਾਣ ਸੀ, ਨਾ ਕਿ ਯਿਸੂ ਦਾ ਇਖ਼ਤਿਆਰ।

**ਆਇਤ 18.** ਉਨ੍ਹਾਂ ਇਲਜ਼ਾਮਾਂ ਦੇ ਪ੍ਰਤੀ ਕਿ ਉਹ "ਚਤਰਾਈ ਦੀਆਂ ਬਣਾਉਟੀਆਂ ਕਹਾਣੀਆਂ" ਦੇ ਮਗਰ ਲੱਗਾ ਸੀ, ਪਤਰਸ ਨੇ ਤਿੰਨ ਵਿਚਾਰ ਦਿੱਤੇ: (1) ਉਹ ਪਹਾੜ ਉੱਤੇ ਇਕੱਲਾ ਨਹੀਂ ਸੀ। ਪੂਰੇ ਪੈਰ੍ਹੇ ਵਿਚ ਉਸ ਨੇ ਜਿਸ ਪੜਨਾਂਵ ਦੀ ਵਰਤੋਂ ਕੀਤੀ ਉਹ "ਅਸੀਂ" ਹੈ। ਉਹ, ਯਾਕੂਬ ਅਤੇ ਯੂਹੰਨਾ ਉੱਥੇ ਸਨ। ਤਿੰਨਾਂ ਦੀ ਗਵਾਹੀ ਇੱਕੋ ਜਿਹੀ ਸੀ। (2) ਝੂਠੇ ਗੁਰੂਆਂ ਤੋਂ ਭਿੰਨ ਜਿਹੜੇ ਹੱਲਾ-ਗੁੱਲਾ ਕਰ ਸਕਦੇ ਅਤੇ ਅਨੁਮਾਨ ਲਗਾ ਸਕਦੇ ਸਨ, ਪਤਰਸ ਪ੍ਰਭੂ ਦੇ ਨਾਲ ਰਿਹਾ ਸੀ। (3) ਉਸ ਨੇ ਨਾ ਸਿਰਫ ਵੇਖਿਆ ਸੀ, ਉਸ ਨੇ ਅਕਾਸ਼ ਤੋਂ ਇਕ ਅਵਾਜ਼ ਵੀ ਸੁਣੀ ਸੀ।

ਇਹ ਦਿਲਚਸਪ ਹੈ ਕਿ ਪਤਰਸ ਨੇ ਕਿਹਾ ਕਿ ਘਟਨਾਵਾਂ **ਪਵਿੱਤਰ ਪਹਾੜ ਉੱਤੇ** ਵਾਪਰੀਆਂ ਸਨ। ਕਿਸ ਭਾਵ ਵਿਚ ਪਹਾੜ "ਪਵਿੱਤਰ" ਸੀ? ਕੋਈ ਵੀ ਚੀਜ਼ ਉਦੋਂ ਪਵਿੱਤਰ ਹੁੰਦੀ ਹੈ ਜਦੋਂ ਉਹ ਕਿਸੇ ਨਾ ਕਿਸੇ ਤਰੀਕੇ ਪਰਮੇਸ਼ੁਰ ਦੇ ਲਈ ਸੰਭਾਲ ਕੇ ਰੱਖੀ ਗਈ ਹੋਵੇ। ਕੀ ਪਵਿੱਤਰ ਹੁੰਦਾ ਹੈ ਉਸ ਦਾ ਵਰਣਨ ਕਰਨ ਦਾ ਇਕ ਹੋਰ ਤਰੀਕਾ ਇਹ ਕਹਿਣਾ ਹੈ ਕਿ ਪਰਮੇਸ਼ੁਰ ਅਤੇ ਖਾਸ ਕਰਕੇ ਉਸ ਨਾਲ ਜੁੜੀਆਂ ਹੋਈਆਂ ਚੀਜ਼ਾਂ ਪਵਿੱਤਰ ਹਨ। ਕੀ ਇਹ ਪਹਾੜ ਰੂਪ ਦੇ ਬਦਲਣ ਦੀਆਂ ਘਟਨਾਵਾਂ ਤੋਂ ਪਹਿਲਾਂ ਪਵਿੱਤਰ ਸੀ, ਜਾਂ ਇਹ ਉਸ ਸਮੇਂ ਪਵਿੱਤਰ ਹੋਇਆ ਸੀ? ਅਸੀਂ ਇਹ ਗੌਰ ਕਰ ਸਕਦੇ ਹਾਂ ਕਿ ਬਾਈਬਲ ਵਿਚ ਵਿਸ਼ੇਸ਼ਣ "ਪਵਿੱਤਰ" ਨੂੰ ਇਮਾਰਤਾਂ ਜਾਂ ਭੂਗੋਲਿਕ ਹਸਤੀਆਂ ਨਾਲ ਜੋੜਨਾ ਅਸਧਾਰਣ ਗੱਲ ਨਹੀਂ ਹੈ। ਆਮ ਤੌਰ ਤੇ ਹੈਕਲ ਦੇ ਪਹਾੜ ਨੂੰ "ਪਵਿੱਤਰ ਪਹਾੜ" ਕਿਹਾ ਗਿਆ ਸੀ ਅਤੇ ਇਸ ਦੇ ਉੱਤੇ ਬਣਿਆ ਹੋਇਆਂ ਢਾਂਚਾ "ਪਵਿੱਤਰ ਹੈਕਲ" ਸੀ। ਧਰਤੀ ਜੋ ਪਰਮੇਸ਼ੁਰ ਨੇ ਇਸਰਾਏਲ ਨੂੰ ਉਸ ਦੀ ਮਿਲਖ ਲਈ ਦਿੱਤੀ ਸੀ "ਪਵਿੱਤਰ ਭੂਮੀ" ਸੀ (ਜ਼ਕਰਯਾਹ 2:12)।

ਕੋਈ ਵੀ ਇੰਜੀਲ ਪੂਰੇ ਭਰੋਸੇ ਨਾਲ ਇਹ ਕਹਿਣ ਦਾ ਵੇਰਵਾ ਨਹੀਂ ਦਿੰਦੀ ਕਿ ਇਸਰਾਏਲ ਵਿਚ ਕਿਹੜੇ ਪਹਾੜ ਤੇ ਪ੍ਰਭੂ ਦਾ ਰੂਪ ਬਦਲਿਆ ਸੀ। ਕੁਝ ਹਰਮਨ ਪਹਾੜ ਦੀਆਂ ਵੱਖ-ਵੱਖ ਟੀਸੀਆਂ ਦੀ ਦਲੀਲ ਦਿੰਦੇ ਹਨ; ਕੁਝ ਤਾਬੋਰ ਪਹਾੜ ਨੂੰ ਚੁਣਦੇ ਹਨ। ਇਹ ਪਹਾੜ ਭਾਵੇਂ ਕੋਈ ਵੀ ਸੀ, ਇਹ ਅਸੰਭਵ ਹੈ ਕਿ ਪਤਰਸ ਦਾ ਅਰਥ ਉਸ ਪਹਾੜ ਤੋਂ

ਸੀ ਜਿੱਥੇ ਪ੍ਰਭੂ ਦਾ ਰੂਪ ਬਦਲਿਆ ਸੀ ਅਤੇ ਉਹ ਪਹਾੜ ਆਪਣੇ ਆਪ ਵਿਚ ਉਨ੍ਹਾਂ ਘਟਨਾਵਾਂ ਦੇ ਕਾਰਣ ਜੋ ਉਸ ਉੱਤੇ ਵਾਪਰੀਆਂ ਸਨ ਸਦਾ ਦੇ ਲਈ ਪਵਿੱਤਰ ਕੀਤਾ ਗਿਆ ਸੀ। ਇਹ ਘਟਨਾ ਸੀ ਜੋ ਪਵਿੱਤਰ ਸੀ, ਨਾ ਕਿ ਉਹ ਥਾਂ ਜਿੱਥੇ ਇਹ ਘਟਨਾ ਵਾਪਰੀ ਸੀ।

## ਵਚਨ ਦਾ ਅਧਿਕਾਰ ਅਤੇ ਪ੍ਰੇਰਣਾ (1:19-21)

**19ਅਤੇ ਅਗੰਮ ਵਾਕ ਦਾ ਬਚਨ ਸਾਡੇ ਕੋਲ ਹੋਰ ਵੀ ਪੱਕਾ ਕੀਤਾ ਹੋਇਆ ਹੈ ਅਤੇ ਤੁਸੀਂ ਚੰਗਾ ਕਰਦੇ ਹੋ ਜੋ ਓਸ ਵੱਲ ਧਿਆਨ ਲਾਉਂਦੇ ਹੋ ਜਿਵੇਂ ਇੱਕ ਦੀਵੇ ਵੱਲ ਜੋ ਅਨ੍ਹੇਰੇ ਥਾਂ ਵਿੱਚ ਚਮਕਦਾ ਹੈ ਜਿੰਨਾ ਚਿਰ ਪੌਹ ਨਾ ਫੁੱਟੇ ਅਤੇ ਦਿਨ ਦਾ ਤਾਰਾ ਤੁਹਾਡਿਆਂ ਹਿਰਦਿਆਂ ਵਿੱਚ ਨਾ ਚੜ੍ਹ ਆਵੇ। 20ਕਿ ਪਹਿਲਾਂ ਤੁਸੀਂ ਇਹ ਜਾਣਦੇ ਹੋ ਭਈ ਧਰਮ ਪੁਸਤਕ ਦੇ ਕਿਸੇ ਅਗੰਮ ਵਾਕ ਦਾ ਅਰਥ ਆਪਣੇ ਜਤਨ ਨਾਲ ਨਹੀਂ ਹੁੰਦਾ। 21ਕਿਉਂਕਿ ਕੋਈ ਅਗੰਮ ਵਾਕ ਮਨੁੱਖ ਦੀ ਇੱਛਿਆ ਤੋਂ ਕਦੇ ਨਹੀਂ ਆਇਆ ਸਗੋਂ ਮਨੁੱਖ ਪਵਿੱਤਰ ਆਤਮਾ ਦੇ ਉਕਾਸਣ ਨਾਲ ਪਰਮੇਸ਼ੁਰ ਦੀ ਵੱਲੋਂ ਬੋਲਦੇ ਸਨ।**

ਪਤਰਸ ਦਾ ਵਿਚਾਰ ਇਕ ਖਾਸ ਘਟਨਾ ਤੋਂ ਜੋ ਕਿ ਗਵਾਹੀ ਦੇ ਲਈ ਵਿਸ਼ੇਸ਼ ਸੀ ਜੋ ਇਸ ਦੇ ਯਿਸੂ ਦੇ ਇਲਾਹੀਪਣ ਦੀ ਦਿੱਤੀ ਸੀ, ਵਚਨ ਦੇ ਸੁਭਾਅ ਬਾਰੇ ਸਧਾਰਣ ਟਿੱਪਣੀਆਂ ਵੱਲ ਚਲਾ ਗਿਆ। ਇਸੇ ਪਰਿਕ੍ਰਿਆ ਦੌਰਾਨ, ਉਸ ਨੇ ਇਸ ਦੇ ਆਪਣੇ ਸੰਦੇਸ਼ ਦੇ ਸੁਭਾਅ ਬਾਰੇ ਬਾਈਬਲ ਦੀਆਂ ਸਭ ਤੋਂ ਸਪੱਸ਼ਟ ਗੱਲਾਂ ਵਿੱਚੋਂ ਇਕ ਗੱਲ ਕੀਤੀ। ਮਸੀਹੀ ਲੋਕਾਂ ਦਾ ਮੰਨਣਾ ਹੈ ਕਿ ਬਾਈਬਲ ਪਰਮੇਸ਼ੁਰ ਵੱਲੋਂ ਇਕ ਸੰਦੇਸ਼ ਵਜੋਂ ਸਭਨਾਂ ਪੁਸਤਕਾਂ ਵਿੱਚ ਇਕੱਲੀ ਖੜ੍ਹੀ ਹੈ। ਉਹ ਪੁਸ਼ਟੀ ਕਰਦੇ ਹਨ ਕਿ ਪਰਮੇਸ਼ੁਰ ਦਾ ਅਧਿਕਾਰ ਅਤੇ ਹਜ਼ੂਰੀ ਇਸ ਦੇ ਪੰਨਿਆਂ ਵਿਚ ਹੈ, ਇਹ ਕਿ ਇਹ ਧਰਮ ਅਤੇ ਨੈਤਿਕਤਾ ਦੇ ਸਾਰੇ ਮਾਮਲਿਆਂ ਵਿਚ ਦਿਸ਼ਾ ਪ੍ਰਦਾਨ ਕਰਨ ਲਈ ਕਾਫੀ ਹੈ। ਗੈਰ-ਵਿਸ਼ਵਾਸੀ ਇਸ ਭਰੋਸੇ ਲਈ ਮਸੀਹੀ ਕਾਰਣਾਂ ਦੀ ਮੰਗ ਕਰਨ ਜਾ ਰਿਹਾ ਹੈ। ਇਹ ਦਲੀਲ ਕਿ ਬਾਈਬਲ ਪਰਮੇਸ਼ੁਰ ਵੱਲੋਂ ਹੈ ਕਿਉਂਕਿ ਇਹ ਕਹਿੰਦੀ ਹੈ ਕਿ ਇਹ ਜ਼ਿਆਦਾਤਰ ਗੈਰ-ਵਿਸ਼ਵਾਸੀਆਂ ਨਾਲ ਇਸ ਦੀ ਪ੍ਰਮਾਣਿਕਤਾ ਅਤੇ ਅਧਿਕਾਰ ਨੂੰ ਸਾਬਤ ਕਰਨ ਲਈ ਕਾਫੀ ਨਹੀਂ ਹੋਵੇਗੀ। ਫਿਰ ਵੀ, ਬਾਈਬਲ ਆਪਣੇ ਆਪ ਬਾਰੇ ਜੋ ਕਹਿੰਦੀ ਹੈ ਇਕ ਮਹੱਤਵਪੂਰਣ ਸ਼ੁਰੂਆਤੀ ਗੱਲ ਹੈ।

**ਆਇਤ 19.** ਪੰਜਾਬੀ ਅਨੁਵਾਦ ਦੋ ਤਰੀਕੇ ਦਰਸਾਉਂਦੇ ਹਨ ਜਿਨ੍ਹਾਂ ਨਾਲ ਇਸ ਆਇਤ ਦੀ ਯੂਨਾਨੀ ਭਾਸ਼ਾ ਨੂੰ ਸਮਝਿਆ ਜਾ ਸਕਦਾ ਹੈ: (1) ਭਾਵ ਇਹ ਹੋ ਸਕਦਾ ਹੈ ਕਿ ਪਤਰਸ ਦੇ ਪਾਠਕ **ਅਗੰਮ ਵਾਕ ਦੇ ਬਚਨ** ਵਿਚ ਹੋਰ ਜ਼ਿਆਦਾ ਭਰੋਸਾ ਕਰ ਸਕਦੇ ਸਨ ਕਿਉਂਕਿ ਗਵਾਹੀ ਜੋ ਪਰਮੇਸ਼ੁਰ ਨੇ ਪਹਾੜ ਉੱਤੇ ਪੁੱਤਰ ਨੂੰ ਦਿੱਤੀ ਸੀ ਇਸ ਨੂੰ **ਹੋਰ ਵੀ ਪੱਕਾ ਕੀਤਾ**। NASB ਬਾਈਬਲ ਇਸ ਨੂੰ ਪਤਰਸ ਦਾ ਅਰਥ ਸਮਝਦੀ ਹੈ। (2) ਵਾਰੀ-ਵਾਰੀ, ਰਸੂਲ ਦੇ ਕਹਿਣ ਦਾ ਇਰਾਦਾ ਇਹ ਹੋਵੇਗਾ ਕਿ "ਅਗੰਮ ਵਾਕ ਦੇ ਬਚਨ" ਨੇ ਜਿਸ ਨੂੰ ਪਤਰਸ ਦੇ ਕੁਝ ਪਾਠਕਾਂ ਨੇ ਪਹਾੜ ਤੋਂ ਪਤਰਸ ਦੁਆਰਾ ਦਿੱਤੀ ਰਿਪੋਰਟ ਨਾਲੋਂ ਮਸੀਹ ਦੀ ਗਵਾਹੀ ਨੂੰ ਜ਼ਿਆਦਾ ਪੱਕਾ ਸਮਝਿਆ ਹੋਵੇਗਾ – ਪਰਮੇਸ਼ੁਰ ਦਾ ਪੁੱਤਰ ਹੋਣ ਲਈ ਐਲਾਨਿਆ ਸੀ। KJV ਬਾਈਬਲ ਇਸ ਦਾ ਅਨੁਵਾਦ ਇਸ ਤਰ੍ਹਾਂ ਕਰਦੀ ਹੈ, "ਸਾਡੇ ਕੋਲ ਅਗੰਮ ਵਾਕ ਦਾ ਬਚਨ ਹੋਰ ਵੀ ਪੱਕਾ ਹੈ।"[10] ਜੇਕਰ ਪਤਰਸ ਦਾ ਅਰਥ ਇਹ ਹੈ, "ਅਗੰਮ ਵਾਕ ਦਾ ਪੱਕਾ ਬਚਨ" ਮੰਗ ਕਰਦਾ ਹੈ ਕਿ ਪਾਠਕ ਰਸੂਲ ਦੀ ਗਵਾਹੀ ਦਾ ਹੋਰ ਵੀ

ਜ਼ਿਆਦਾ ਵਿਸ਼ਵਾਸ ਕਰਨ।

ਦੋਵਾਂ ਵਿੱਚੋਂ ਕੋਈ ਵੀ ਵਿਆਖਿਆ ਸੰਭਵ ਹੈ। ਫਿਰ ਵੀ, ਕਿਉਂਕਿ ਰਸੂਲ ਝੂਠੇ ਗੁਰੂਆਂ ਦੇ ਹਮਲੇ ਅਧੀਨ ਸੀ ਜਿਨ੍ਹਾਂ ਨੇ ਉਸ ਤੇ "ਚਤਰਾਈ ਦੀਆਂ ਬਣਾਉਟੀ ਕਹਾਣੀਆਂ" ਮਨੋਂ ਘੜਨ ਦਾ ਇਲਜ਼ਾਮ ਲਗਾਇਆ ਸੀ (1:16), ਪਤਰਸ ਸ਼ਾਇਦ ਇਹ ਜ਼ੋਰ ਦੇ ਰਿਹਾ ਸੀ ਕਿ ਬਚਨ ਉਸ ਗਵਾਹੀ ਦਾ ਸਮਰਥਨ ਕਰਦੇ ਸਨ ਜੋ ਉਸ ਨੇ ਆਪਣੇ ਪਾਠਕਾਂ ਨੂੰ ਦਿੱਤੀ ਸੀ। KJV ਬਾਈਬਲ ਸ਼ਾਇਦ ਸਹੀ ਹੈ, ਹਾਲਾਂਕਿ ਜ਼ਿਆਦਾਤਰ ਅਨੁਵਾਦ ਅਤੇ ਕਮੈਂਟਰੀਆਂ NASB ਨਾਲ ਸਹਿਮਤ ਹਨ। ਉਨ੍ਹਾਂ ਲਈ ਜਿਹੜੇ ਪਹਾੜ ਉੱਤੇ ਮਸੀਹ ਬਾਰੇ ਪਰਮੇਸ਼ੁਰ ਦੀ ਗਵਾਹੀ ਦੀ ਪਤਰਸ ਦੀ ਰਿਪੋਰਟ ਤੇ ਵਿਸ਼ਵਾਸ ਕਰਨ ਦੇ ਅਣਇੱਛੁੱਕ ਸਨ, ਹੋਰ ਵੀ ਪੱਕੇ "ਅਗੰਮ ਵਾਕ ਦੇ ਬਚਨ" ਨੇ ਇਹ ਸਪੱਸ਼ਟ ਕਰ ਦਿੱਤਾ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਸੀ।

ਕੋਈ ਵਾਕ ਨੂੰ ਜਿਸ ਤਰ੍ਹਾਂ ਵੀ ਸਮਝੇ, ਮਸੀਹੀ ਲੋਕਾਂ ਲਈ "ਅਗੰਮ ਵਾਕ ਦੇ ਬਚਨ" ਤੇ **ਧਿਆਨ ਲਾਉਣ** ਦਾ ਉੱਚਿਤ ਕਾਰਣ ਹੈ। "ਅਗੰਮ ਵਾਕ ਦੇ ਬਚਨ" ਤੋਂ ਪਤਰਸ ਦਾ ਅਰਥ ਪੂਰਾ ਪੁਰਾਣਾ ਨੇਮ ਸੀ, ਨਾ ਕਿ ਸਿਰਫ ਅਗੰਮ ਵਾਕ ਸੰਬੰਧੀ ਸਾਹਿਤ। ਉਸ ਸਮੇਂ ਤੋਂ ਜਦੋਂ ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਪ੍ਰਚਾਰ ਕਰਨਾ ਸ਼ੁਰੂ ਕੀਤਾ ਸੀ, ਯਿਸੂ ਦੇ ਜੀਵਨ ਅਤੇ ਮੌਤ, ਸਿੱਖਿਆਵਾਂ ਅਤੇ ਕੰਮਾਂ ਨੂੰ ਪੁਰਾਣੇ ਨੇਮ ਦੇ ਅਗੰਮ ਵਾਕਾਂ ਦਾ ਪੂਰਾ ਹੋਣਾ ਸਮਝਿਆ ਗਿਆ ਸੀ। ਯਿਸੂ ਵਾਅਦਾ ਕੀਤਾ ਹੋਇਆ ਮਸੀਹਾ ਸੀ; ਉਸ ਨੇ ਪਰਮੇਸ਼ੁਰ ਦੇ ਵਾਅਦਾ ਕੀਤੇ ਹੋਏ ਰਾਜ ਦਾ ਆਰੰਭ ਕੀਤਾ। ਪਰਕਾਸ਼ ਲਈ ਪੁਰਾਣੇ ਨੇਮ ਅੱਗੇ ਮੱਤੀ ਦੀ ਇੰਜੀਲ ਦੀ ਅਪੀਲ ਅਸਲ ਵਿਚ ਯਿਸੂ ਦੇ ਜੀਵਨ ਅਤੇ ਸੇਵਕਾਈ ਦਾ ਹਰ ਪਹਿਲੂ ਪ੍ਰਸਿੱਧ ਹੈ। ਜਦੋਂ ਯਿਸੂ ਜੀ ਉੱਠਣ ਤੋਂ ਬਾਅਦ ਆਪਣੇ ਚੇਲਿਆਂ ਨੂੰ ਵਿਖਾਈ ਦਿੱਤਾ, ਉਸ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ, "ਸਭਨਾਂ ਗੱਲਾਂ ਦਾ ਪੂਰਾ ਹੋਣਾ ਜ਼ਰੂਰ ਹੈ ਜੋ ਮੂਸਾ ਦੀ ਤੁਰੇਤ ਅਤੇ ਨਬੀਆਂ ਦੀਆਂ ਪੁਸਤਕਾਂ ਅਤੇ ਜ਼ਬੂਰਾਂ ਵਿੱਚ ਮੇਰੇ ਹੱਕ ਵਿੱਚ ਲਿਖੀਆਂ ਹੋਈਆਂ ਹਨ" (ਲੂਕਾ 24:44)। ਰਸੂਲਾਂ ਦੇ ਕਰਤੱਬ ਦੇ ਸ਼ੁਰੂਆਤੀ ਹਿੱਸੇ ਵਿਚ ਪਤਰਸ ਦਾ ਪ੍ਰਚਾਰ ਪੁਰਾਣੇ ਨੇਮ ਦੀਆਂ ਅਪੀਲਾਂ ਨਾਲ ਭਰਿਆ ਹੋਇਆ ਹੈ। 1 ਪਤਰਸ ਵਿਚ, ਰਸੂਲ ਨੇ "ਅਗੰਮ ਵਾਕ ਦੇ ਬਚਨ" ਦੀ ਅਪੀਲ ਬਾਰ-ਬਾਰ ਕੀਤੀ (1:24, 25; 2:4–10, 22-25; 3:10–12, 20–22; 4:18; 5:5)।

ਝੂਠੇ ਗੁਰੂਆਂ ਲਈ ਜਿਹੜੇ ਖੁਸ਼ਖ਼ਬਰੀ ਨੂੰ ਖੋਖਲਾ ਕਰ ਰਹੇ ਸਨ ਅਤੇ ਉਨ੍ਹਾਂ ਲਈ ਜਿਨ੍ਹਾਂ ਨੇ ਉਨ੍ਹਾਂ ਨੂੰ ਸੁਣਨ ਦੀ ਇੱਛਾ ਕੀਤੀ ਸੀ, ਪਤਰਸ ਨੇ ਚਿਤਾਵਨੀ ਦਿੱਤੀ, "ਤੁਸੀਂ ਚੰਗਾ ਕਰਦੇ ਹੋ" ਜੋ "ਅਗੰਮ ਵਾਕ ਦੇ ਬਚਨ" ਵੱਲ ਧਿਆਨ ਲਾਉਂਦੇ ਹੋ। ਰਸੂਲ ਝੂਠੇ ਗੁਰੂਆਂ ਤੇ ਪੂਰੀ ਤਰ੍ਹਾਂ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਸੀ। ਸਿਧਾਂਤਕ ਪੱਧਰ ਤੇ, ਕੋਈ ਵਿਅਕਤੀ ਕੀ ਕਹਿੰਦਾ ਹੈ ਉਸ ਦੀ ਸਚਿਆਈ ਦਾ ਸਿਰਫ ਇਸ ਦੇ ਅੰਤਰੀਵ ਮੁੱਲ ਦੇ ਆਧਾਰ ਤੇ ਮੁਲਾਂਕਣ ਕਰਨਾ ਬਿਹਤਰ ਹੈ। ਫਿਰ ਵੀ, ਇਸ ਤਰ੍ਹਾਂ ਇਹ ਆਮ ਤੌਰ ਤੇ ਕੰਮ ਨਹੀਂ ਕਰਦਾ ਹੈ। ਸਭ ਤੋਂ ਪਹਿਲਾਂ, ਅਸੀਂ ਉਸ ਵਿਅਕਤੀ ਦਾ ਮੁਲਾਂਕਣ ਕਰਦੇ ਹਾਂ ਅਤੇ ਫਿਰ ਉਹ ਜੋ ਕਹਿੰਦਾ ਹੈ ਉਸ ਦਾ ਮੁਲਾਂਕਣ ਕਰਦੇ ਹਾਂ ਉਸ ਛਾਣਨੀ ਨਾਲ ਕਿ ਉਹ ਕਿਸ ਕਿਸਮ ਦਾ ਵਿਅਕਤੀ ਹੈ ਜਿਸ ਦਾ ਅਸੀਂ ਨਿਆਂ ਕੀਤਾ ਹੈ। ਰਸੂਲ ਪਤਰਸ ਸਮਝ ਗਿਆ ਸੀ ਕਿ ਜੇਕਰ ਉਸ ਨੇ ਉਨ੍ਹਾਂ ਮਸੀਹੀ ਸਮਾਜਾਂ ਉੱਤੇ ਪ੍ਰਭਾਵ ਪਾਉਣਾ ਸੀ ਜਿਨ੍ਹਾਂ ਨੂੰ ਉਸ ਨੇ ਸੰਬੋਧਿਤ ਕੀਤਾ ਸੀ, ਉਸ ਨੂੰ ਪਹਿਲਾਂ ਉਸ ਦੀ ਆਪਣੀ ਵਿਸ਼ਵਾਸਯੋਗਤਾ ਸਾਬਤ ਕਰਨੀ ਪਵੇਗੀ। ਉਸ ਨੇ ਇਹ ਉਨ੍ਹਾਂ ਘਟਨਾਵਾਂ ਦੀ ਅਪੀਲ ਕਰਕੇ ਕੀਤਾ ਜਿਨ੍ਹਾਂ ਦਾ ਅਨੁਭਵ ਉਸ

ਦੇ ਪ੍ਰਭੂ ਦੇ ਰੂਪ ਦੇ ਬਣਲਣ ਸਮੇਂ ਕੀਤਾ ਸੀ। ਇਸ ਤੋਂ ਇਲਾਵਾ, ਉਸ ਨੇ ਦਾਅਵਾ ਕੀਤਾ ਕਿ ਵਚਨ ਵਿਚ ਪਰਮੇਸ਼ੁਰ ਦੀ ਆਪਣੀ ਗਵਾਹੀ ਨੇ ਉਸ ਦੀ ਸਚਿਆਈ ਨੂੰ ਸਾਬਤ ਕੀਤਾ ਜੋ ਉਸ ਨੇ ਕਿਹਾ ਸੀ।

ਸਗੋਂ ਉਹ ਲੋਕ ਵੀ ਜਿਹੜੇ ਪਤਰਸ ਦੀ ਗਵਾਹੀ ਨੂੰ "ਚਤਾਰਈ ਦੀਆਂ ਬਣਾਉਟੀ ਕਹਾਣੀਆਂ" ਵਜੋਂ ਰੱਦ ਦਿੰਦੇ ਹਨ ਪੁਰਾਣੇ ਅਗੰਮ ਵਾਕਾਂ ਤੇ "ਧਿਆਨ ਲਾਉਣ ਲਈ ਚੰਗਾ" ਕਰਨਗੇ। ਵਚਨ **ਇੱਕ ਦੀਵਾ ਹੈ ਜੋ ਅਨ੍ਹੇਰੇ ਥਾਂ ਵਿੱਚ ਚਮਕਦਾ ਹੈ**। ਅਨੁਵਾਦ ਕੀਤਾ ਗਿਆ ਸ਼ਬਦ "ਅਨ੍ਹੇਰੇ ਥਾਂ" (αὐχμηρός, *ਆਉਚਮੇਰੋਸ*) ਇਸ ਪੱਤ੍ਰੀ ਵਿਚ ਉਨ੍ਹਾਂ ਅਨੇਕ ਸ਼ਬਦਾਂ ਵਿੱਚੋਂ ਇਕ ਹੈ ਜੋ ਨਵੇਂ ਨੇਮ ਵਿਚ ਸਿਰਫ ਇੱਥੇ ਹੀ ਆਉਂਦਾ ਹੈ। ਇਹ ਇਕ ਰੰਗਦਾਰ ਸ਼ਬਦ ਹੈ। "ਦੀਵਾ" ਉੱਕੇ ਹਨੇਰੇ ਵਿਚ ਨਹੀਂ ਚਮਕ ਰਿਹਾ ਹੈ, ਪਰ ਇਕ ਇਹੋ ਜਿਹੀ ਥਾਂ ਤੇ ਜੋ ਧੁੰਦਲੀ, ਮੈਲੀ, ਕਾਲਖ ਧੁੰਦ ਨਾਲ ਢੱਕਿਆ ਹੋਇਆ ਹੈ। ਸੰਸਾਰ ਵਿਚ "ਅਨ੍ਹੇਰਾ ਥਾਂ" ਉਹ ਹੈ ਜਿੱਥੇ ਪਤਰਸ ਅਤੇ ਉਸ ਦੇ ਪਾਠਕ ਰਹਿੰਦੇ ਸਨ। ਇਹ ਉਹ ਥਾਂ ਹੈ ਜਿੱਥੇ ਵਿਸ਼ਵਾਸੀ ਰਹਿਣਾ ਜਾਰੀ ਰੱਖਦੇ ਹਨ। ਉਸ ਧੁੰਦਲੇ ਸੰਸਾਰ ਵਿਚ, ਪਰਮੇਸ਼ੁਰ ਦਾ ਵਚਨ "ਇਕ ਦੀਵੇ ਵਾਂਗ ਚਮਕ ਰਿਹਾ ਹੈ।" ਬਾਈਬਲ ਵਿਚ ਸਭ ਤੋਂ ਲੰਬਾ ਅਧਿਆਇ ਜੋ ਕਿ ਜ਼ਬੂਰ 119 ਹੈ, ਬਿਵਸਥਾ ਦੀ ਮਹਿਮਾ ਦੀ ਪ੍ਰਸ਼ੰਸਾ ਕਰਨ ਨੂੰ ਸਮਰਪਿਤ ਕੀਤਾ ਗਿਆ ਹੈ। ਪਤਰਸ ਦੇ ਵਾਂਗ, ਜ਼ਬੂਰ ਲਿਖਣ ਵਾਲੇ ਦੇ ਲਈ, ਪਰਮੇਸ਼ੁਰ ਦਾ ਵਚਨ ਇਕ ਦੀਵਾ ਹੈ ਜੋ ਰਾਹ ਨੂੰ ਚਮਕਾ ਰਿਹਾ ਹੈ। "ਤੇਰਾ ਬਚਨ ਮੇਰੇ ਪੈਰਾਂ ਲਈ ਦੀਪਕ ਅਤੇ ਮੇਰੇ ਰਾਹ ਦਾ ਚਾਨਣ ਹੈ" (ਜ਼ਬੂਰ 119:105)।

2 ਪਰਤਸ ਦੀ ਫੁੱਲਦਾਰ, ਅਲੰਕਿਰਤ ਭਾਸ਼ਾ ਸਾਹਮਣੇ ਆਉਂਦੀ ਹੈ ਜਦੋਂ ਪਤਰਸ ਨੇ ਉਸ ਸਮੇਂ ਦੀ ਉਡੀਕ ਕੀਤੀ ਜਦੋਂ ਇਹ ਅਨ੍ਹੇਰੇ ਵਾਲਾ ਸੰਸਾਰ, ਵਚਨ ਨਾਲ ਚਮਕ ਕੇ ਉਸ ਨੂੰ ਰਾਹ ਦੇਵੇਗਾ **ਜਿੰਨਾ ਚਿਰ ਪੌਹ ਨਾ ਫੁੱਟੇ ਅਤੇ ਦਿਨ ਦਾ ਤਾਰਾ ਤੁਹਾਡਿਆਂ ਹਿਰਦਿਆਂ ਵਿੱਚ ਨਾ ਚੜ੍ਹ ਆਵੇ**। ਲੰਬੀ ਰਾਤ ਦੇ ਪਹਿਰੇ ਦੀ ਜੋ ਤਸਵੀਰ ਹੈ ਪੌਹ ਦੇ ਫੁੱਟਣ ਨਾਲ ਟੁੱਟ ਰਹੀ ਹੈ। ਸ਼ਾਇਦ ਪਤਰਸ ਨੇ ਇਹ ਵਿਚਾਰ ਜ਼ਬੂਰ ਲਿਖਣ ਵਾਲੇ ਤੋਂ ਪ੍ਰੇਰਿਤ ਹੋ ਕੇ ਲਿਖੇ ਗਏ ਸਨ: "ਮੈਂ ਯਹੋਵਾਹ ਨੂੰ ਉਡੀਕਦਾ ਹਾਂ, ਮੇਰੀ ਜਾਨ ਵੀ ਉਡੀਕਦੀ ਹੈ ਅਤੇ ਉਹ ਦੇ ਬਚਨ ਉੱਤੇ ਮੇਰੀ ਆਸਾ ਹੈ। ਜਿੰਨਾ ਪਹਿਲੇ ਵਾਲੇ ਸਵੇਰ ਨੂੰ, ਹਾਂ, ਜਿੰਨਾ ਪਹਿਲੇ ਵਾਲੇ ਵਾਲੇ ਸਵੇਰ ਨੂੰ, ਉੱਨਾ ਹੀ ਵੱਧ ਮੇਰੀ ਜਾਨ ਪ੍ਰਭੂ ਨੂੰ ਉਡੀਕਦੀ ਹੈ" (ਜ਼ਬੂਰ 130:5, 6)।

ਇਕ ਆਮ ਸਹਿਮਤੀ ਹੈ ਕਿ ਗਿਣਤੀ 24:17, "ਯਾਕੂਬ ਤੋਂ ਇੱਕ ਤਾਰਾ ਚੜ੍ਹੇਗਾ," ਵਾਕ ਨੇ "ਦਿਨ ਦਾ ਤਾਰਾ ਚੜ੍ਹ ਆਵੇ" ਵਾਕ ਲਈ ਪ੍ਰੇਰਿਤ ਕੀਤਾ ਹੈ। ਮਸੀਹੀ ਲੋਕਾਂ ਅਤੇ ਯਹੂਦੀਆਂ ਦੋਹਾਂ ਨੇ ਗਿਣਤੀ 24:17 ਨੂੰ ਮਸੀਹਾ ਬਾਰੇ ਭਵਿੱਖਬਾਣੀ ਸਮਝਿਆ ਸੀ। ਪ੍ਰਭੂ ਦੇ ਦੁਬਾਰਾ ਆਉਣ ਬਾਰੇ ਬੰਦ ਵਿਚ, ਪਤਰਸ ਤੋਂ ਇਹ ਲਿਖਣ ਦੀ ਉਮੀਦ ਨਹੀਂ ਕੀਤੀ ਜਾਂਦੀ ਕਿ ਇਹ ਦਿਨ ਦਾ ਤਾਰਾ "ਤੁਹਾਡਿਆਂ ਹਿਰਦਿਆਂ ਵਿਚ" ਚੜ੍ਹੇਗਾ। ਸ਼ਾਇਦ ਉਸ ਦਾ ਅਰਥ ਸਿਰਫ ਇਹ ਸੀ ਕਿ ਵਿਸ਼ਵਾਸੀਆਂ ਦੇ ਹਿਰਦੇ ਖੁਸ਼ੀ ਕਰਨਗੇ ਜਦੋਂ ਨਵੇਂ ਯੁੱਗ ਦੇ ਫੁੱਟਣ ਤੇ ਆਸਾਂ ਅਤੇ ਸੁਫ਼ਨੇ ਸਾਕਾਰ ਹੋਣਗੇ। ਇਸ ਪੱਤ੍ਰੀ ਵਿਚ ਅੱਗੇ ਜਾ ਕੇ, ਰਸੂਲ ਨੇ ਯੁੱਗ ਦੇ ਅੰਤ ਅਤੇ ਨਿਆਂ ਦੇ ਸੰਬੰਧ ਵਿਚ ਇਨ੍ਹਾਂ ਘਟਨਾਵਾਂ ਦਾ ਹੀ ਵਰਣਨ ਕੀਤਾ ਹੈ। ਉਸ ਨੇ ਕਿਹਾ, "ਪ੍ਰਭੂ ਦਾ ਦਿਨ ਚੋਰ ਵਾਂਙੁ ਆਵੇਗਾ ਜਿਹ ਦੇ ਵਿੱਚ ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ" (3:10)। ਵਿਸ਼ਵਾਸੀਆਂ ਦੇ ਲਈ ਇਹ ਖੁਸ਼ੀ ਅਤੇ ਚਾਨਣ ਦਾ ਦਿਨ ਹੋਵੇਗਾ। ਪੌਹ ਫੁੱਟਣਾ ਨਵੇਂ ਜੀਵਨ ਵੱਲ ਇਸ਼ਾਰਾ ਕਰਦਾ ਹੈ ਜੋ ਦੁੱਖ ਅਤੇ ਪਾਪ ਤੋਂ ਮੁਕਤ ਹੋਵੇਗਾ।

**ਆਇਤ 20.** ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਕਿ ਵਿਸ਼ਵਾਸੀ "ਅਗੰਮ ਵਾਕ ਦੇ ਬਚਨ" ਤੇ "ਧਿਆਨ ਲਾਉਣ ਵਿੱਚ ਚੰਗਾ ਕਰਨਗੇ," ਰਸੂਲ ਇਸ ਗੱਲ ਦੀ ਵਿਆਖਿਆ ਕਰਨਾ ਜਾਰੀ ਰੱਖਦਾ ਹੈ ਕਿ ਵਚਨ ਕੋਲ ਅਧਿਕਾਰ ਕਿਉਂ ਸੀ। ਵਿਸ਼ਵਾਸੀ ਲਈ ਸਭ ਤੋਂ **ਪਹਿਲਾਂ** ਇਹ ਜਾਣਨਾ ਮਹੱਤਵਪੂਰਣ ਹੈ **ਭਈ ਧਰਮ ਪੁਸਤਕ ਦੇ ਕਿਸੇ ਅਗੰਮ ਵਾਕ ਦਾ ਅਰਥ ਆਪਣੇ ਜਤਨ ਨਾਲ ਨਹੀਂ ਹੁੰਦਾ**। ਆਇਤ ਦਾ ਅਰਥ ਅਨੁਵਾਦ ਕੀਤੇ ਗਏ ਨਾਂਵ "ਅਰਥ" (ἐπίλυσις, *ਐਪੀਲੁਸਿਸ*) ਤੇ ਨਿਰਭਰ ਕਰਦਾ ਹੈ। ਇਹ ਸ਼ਬਦ ਇਸ ਰੂਪ ਵਿਚ ਨਵੇਂ ਨੇਮ ਵਿਚ ਸਿਰਫ ਇੱਥੇ ਹੀ ਆਉਂਦਾ ਹੈ। ਮਰਕੁਸ 4:34 ਵਿਚ ਸ਼ਬਦ ਦੀ ਕਿਰਿਆਵੀ ਭਾਸ਼ਾ ਦਾ ਅਰਥ ਹੈ "ਵਿਆਖਿਆ ਕਰਨਾ" ਜਾਂ "ਖੋਲ੍ਹ ਕੇ ਦੱਸਣਾ"; ਇਸ ਲਈ, "ਅਰਥ" ਨਾਂਵ ਦੀ ਇਕ ਚੰਗਾ ਅਨੁਵਾਦ ਹੈ। ਫਿਰ ਵੀ, ਬੰਦ ਅਸਪੱਸ਼ਟ ਹੈ। "ਅਰਥ" ਆਮ ਤੌਰ ਤੇ ਗੱਲਬਾਤ ਵਿਚ ਦੂਜਾ ਕਦਮ ਹੈ। ਬੁਲਾਰਾ ਜਾਂ ਲੇਖਕ ਕੋਈ ਗੱਲ ਕਹਿੰਦਾ ਹੈ, ਸੁਣਨ ਵਾਲਾ ਜਾਂ ਪਾਠਕ ਇਸ ਦਾ ਅਰਥ ਕੱਢਦਾ ਹੈ। ਚਿੱਤਰ ਵਿਚ "ਅਰਥ" ਕਿੱਥੇ ਦਾਖ਼ਲ ਹੋਇਆ ਸੀ ਜਦੋਂ ਵਚਨ ਲਿਖਿਆ ਗਿਆ ਸੀ? ਬੰਦ ਨੂੰ ਸਮਝਣ ਦੇ ਸੰਭਵ ਤੌਰ ਤੇ ਦੋ ਤਰੀਕੇ ਹਨ।

ਪਹਿਲਾ, ਪਤਰਸ ਦਾ ਅਰਥ ਇਹ ਹੋਵੇਗਾ ਕਿ ਜਦੋਂ ਨਬੀਆਂ ਨੇ ਵਚਨ ਦੇ ਸ਼ਬਦਾਂ ਨੂੰ ਲਿਖਿਆ, ਸ਼ਾਇਦ ਇਕ ਸੁਫ਼ਨੇ ਦਾ ਅਰਥ ਦੱਸਣ ਲਈ ਜਾਂ ਪਰਮੇਸ਼ੁਰ ਵੱਲੋਂ ਇਕ ਸੰਦੇਸ਼ ਵਜੋਂ ਇਕ ਉਤਸ਼ਾਹ ਦੀ ਅੰਤਰੀਵ ਅਵਸਥਾ ਦਾ ਅਰਥ ਦੱਸਣ ਲਈ ਉਨ੍ਹਾਂ ਨੂੰ ਉਨ੍ਹਾਂ ਦੀਆਂ ਆਪਣੀਆਂ ਜੁਗਤਾਂ ਤੇ ਨਹੀਂ ਸੀ ਛੱਡ ਦਿੱਤਾ ਗਿਆ। ਵਚਨ ਵਿਚ ਅਗੰਮ ਵਾਕ ਕਿਸੇ ਵਿਅਕਤੀ ਦੁਆਰਾ ਨਿੱਜੀ ਘਟਨਾਵਾਂ ਦਾ ਅਰਥ ਦੱਸਣ ਨਾਲੋਂ ਕਿਤੇ ਵੱਧ ਕੇ ਹੈ। ਪਰਮੇਸ਼ੁਰ ਸਿੱਧੇ ਤੌਰ ਤੇ ਇਸ ਵਿਚ ਸ਼ਾਮਲ ਹੁੰਦਾ ਸੀ। ਉਸ ਨੇ ਇਹ ਪੱਕਾ ਕੀਤਾ ਕਿ ਵਚਨ ਵਿਚ ਨਬੀਆਂ ਦੁਆਰਾ ਲਿਖੀਆਂ ਗਈਆਂ ਗੱਲਾਂ ਸੱਚੀਆਂ ਸਨ। ਇਹ ਵਿਚਾਰ ਪੌਲੁਸ ਦੀ ਤਸਦੀਕ ਨਾਲ ਮਿਲਦਾ ਜੁਲਦਾ ਹੈ, "ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ" (2 ਤਿਮੋਥਿਉਸ 3:16)। ਦੂਜੀ ਸੰਭਾਵਨਾ ਇਹ ਹੈ ਕਿ ਪਤਰਸ ਦੇ ਮਨ ਵਿਚ ਵਚਨ ਦੇ ਕਾਲਪਨਿਕ ਅਰਥ ਸਨ ਜੋ ਝੂਠੇ ਗੁਰੂਆਂ ਦੁਆਰਾ ਪੇਸ਼ ਕੀਤੇ ਗਏ ਸਨ। ਸ਼ਾਇਦ ਉਹ ਇਹ ਕਹਿ ਰਿਹਾ ਹੋਵੇਗਾ ਕਿ ਵਚਨ ਦਾ ਅਰਥ ਕਰਨਾ ਪੂਰੀ ਕਲੀਸੀਆ ਦਾ ਕੰਮ ਹੈ। ਵਚਨ ਦਾ ਵਿਅਕਤੀਗਤ ਅਰਥ ਅਧਿਕਾਰਕ ਨਹੀਂ ਹੈ। ਜਦੋਂ ਨਿੱਜੀ ਅਰਥ ਕਲੀਸੀਆ ਦੇ ਅਰਥ ਨਾਲੋਂ ਵੱਖਰਾ ਹੁੰਦਾ ਹੈ, ਨਿੱਜੀ ਅਰਥ ਗਲਤ ਹੁੰਦਾ ਹੈ। ਵਚਨ ਨਿੱਜੀ ਅਰਥ ਲਈ ਨਹੀਂ ਹੈ।[11]

ਬੇਸ਼ੱਕ, ਪਹਿਲਾ ਅਰਥ ਸਹੀ ਹੈ। ਇਹੋ "ਅਗੰਮ ਵਾਕ ਦਾ ਬਚਨ" 19 ਅਤੇ 20 ਆਇਤਾਂ ਦਾ ਵਿਸ਼ਾ ਹੈ। ਰਸੂਲ ਨੇ ਵਿਸ਼ਵਾਸੀਆਂ ਨੂੰ ਵਚਨ ਵੱਲ ਧਿਆਨ ਲਾਉਣ ਲਈ ਕਿਹਾ ਅਤੇ ਫਿਰ ਉਸ ਨੇ ਦੱਸਿਆ ਕਿ ਕਿਉਂ। ਵਚਨ ਪਰਮੇਸ਼ੁਰ ਵੱਲੋਂ ਵਚਨ ਹੈ, ਨਾ ਕਿ ਨਬੀਆਂ ਦੀਆਂ ਕਲਪਨਾਵਾਂ ਤੋਂ। "ਅਰਥ" ਦੀ ਸਮੱਸਿਆ ਨਬੀ ਦੀ ਹੈ ਜਦੋਂ ਉਹ ਇਹ ਬਚਨ ਲਿਖਦਾ ਹੈ, ਨਾ ਕਿ ਪਾਠਕ ਦੀ ਜਦੋਂ ਉਹ ਪੁੱਛਦਾ ਹੈ ਕਿ ਇਸ ਦਾ ਕੀ ਅਰਥ ਹੈ।

ਇਹ ਹੈਰਾਨਗੀ ਦੀ ਗੱਲ ਨਹੀਂ ਹੈ ਕਿ ਉਨ੍ਹਾਂ ਕਲੀਸੀਆ ਦੁਆਰਾ ਬਾਅਦ ਵਾਲੇ ਅਰਥ ਨੂੰ ਪਸੰਦ ਕੀਤਾ ਗਿਆ ਹੈ ਜਿਨ੍ਹਾਂ ਦੀ ਅਗਵਾਈ ਪ੍ਰਭਾਵਸ਼ਾਲੀ ਪੁਰੋਹਿਤ ਕਰਦੇ ਹਨ। ਦਲੀਲ ਇਹ ਹੈ ਕਿ ਕਲੀਸੀਆ ਨੇ ਸੰਸਾਰ ਨੂੰ ਬਾਈਬਲ ਦਿੱਤੀ ਅਤੇ ਸਿਰਫ ਕਲੀਸੀਆ ਹੀ ਇਸ ਦਾ ਅਰਥ ਦੱਸਣ ਜਾਂ ਇਸ ਦੀ ਵਿਆਖਿਆ ਕਰਨ ਲਈ ਫਿੱਟ ਹੈ। ਵਿਅਕਤੀ ਲਈ ਅਰਥ ਬਹੁਤ ਖ਼ਤਰਨਾਕ ਹੈ। KJV ਬਾਈਬਲ ਇਸ ਬੰਦ ਨੂੰ ਸਮਝਣ ਵਿਚ ਯੋਗਦਾਨ ਦਿੰਦੀ ਹੈ ਜਦੋਂ ਇਸ ਵਿਚ ਅਸੀਂ ਇਹ ਲਿਖਿਆ ਪੜ੍ਹਦੇ ਹਾਂ, "ਵਚਨ ਦਾ ਕੋਈ ਵੀ ਅਗੰਮ ਵਾਕ ਕਿਸੇ

ਵੀ ਨਿੱਜੀ ਅਰਥ ਦਾ ਨਹੀਂ ਹੈ।" ਜਦ ਕਿ ਉਹ ਅਨੁਵਾਦ ਸਭ ਤੋਂ ਉੱਤਮ ਨਹੀਂ ਹੈ, ਫਿਰ ਵੀ ਇਸ ਤੋਂ ਇਕ ਮਹੱਤਵਪੂਰਣ ਗੱਲ ਸਿੱਖੀ ਜਾ ਸਕਦੀ ਹੈ। ਦੂਜਿਆਂ ਨਾਲ ਸਮਾਜ ਵਿਚ ਵਿਆਖਿਆ ਨੂੰ ਬਾਈਬਲ ਦੇ ਅਰਥ ਤੇ ਨਿੱਜੀ ਝਲਕ ਤੋਂ ਵੱਧ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਕਿਉਂਕਿ ਹਰੇਕ ਮਸੀਹੀ ਇਕ ਜਾਜਕ ਹੈ (1 ਪਤਰਸ 2:5; ਪਰਕਾਸ਼ 1:6) ਹਰੇਕ ਨੇ ਵਚਨ ਵਿਚ ਪਰਗਟ ਕੀਤੇ ਗਏ ਸੰਦੇਸ਼ ਨੂੰ ਪੜ੍ਹਨ, ਵਿਆਖਿਆ ਕਰਨ ਅਤੇ ਸਿੱਖਿਆ ਦੇਣ ਲਈ ਆਪਣੀ ਜ਼ਿੰਮੇਵਾਰੀ ਨੂੰ ਸਵੀਕਾਰ ਕਰਨਾ ਹੈ। ਫਿਰ ਵੀ, ਜਦੋਂ ਇਕ ਵਿਅਕਤੀ ਆਪਣੇ ਆਪ ਨੂੰ ਅਜਿਹੇ ਤਰੀਕੇ ਨਾਲ ਵਚਨ ਦਾ ਅਰਥ ਕਰਦਿਆਂ ਪਾਉਂਦਾ ਹੈ ਕਿ ਇਹ ਕਲੀਸੀਆ ਦੇ ਮੂਲ ਸਿਧਾਂਤਾਂ ਨੂੰ ਰੱਦ ਕਰਨ ਦੀ ਮੰਗ ਕਰਦਾ ਹੈ, ਜਦੋਂ ਉਹ ਇਹ ਜਾਣ ਲੈਂਦਾ ਹੈ ਕਿ ਅਸਲ ਵਿਚ ਅਰਥ ਕਰਨ ਵਿਚ ਉਹ ਇਕੱਲਾ ਹੈ, ਤਾਂ ਉਸ ਨੂੰ ਆਤਮਿਕ ਤੌਰ ਤੇ ਸਿਆਣੇ ਵਿਸ਼ਵਾਸੀਆਂ ਦੀਆਂ ਅਵਾਜ਼ਾਂ ਨੂੰ ਸੁਣਨਾ ਚਾਹੀਦਾ ਹੈ। ਉਸ ਨੂੰ ਉਨ੍ਹਾਂ ਨਿਰਦੇਸ਼ਾਂ ਦੇ ਆਧਾਰ ਤੇ ਜੋ ਉਸ ਨੂੰ ਦੂਜਿਆਂ ਕੋਲੋਂ ਪ੍ਰਾਪਤ ਹੋਏ ਹਨ ਆਪਣੇ ਅਰਥ ਦਾ ਮੁੜ ਮੁਲਾਂਕਣ ਕਰਨਾ ਚਾਹੀਦਾ ਹੈ।

**ਆਇਤ 21.** ਮੌਕੇ ਤੇ ਫਿਰ ਗਲਤਫਹਿਮੀ ਹੋ ਸਕਦੀ ਹੈ, ਰਸੂਲ ਨੇ ਫੇਰ ਇਸ ਗੱਲ ਤੇ ਸਫਾਈ ਦਿੱਤੀ। ਉਹ ਆਪਣੇ ਪਾਠਕਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਅਗੰਮ ਵਾਕ ਕੀ ਨਹੀਂ ਸੀ; ਫਿਰ ਉਹ ਦੱਸਣਾ ਚਾਹੁੰਦਾ ਸੀ ਕਿ ਅਗੰਮ ਵਾਕ ਕੀ ਸੀ। **ਕਿਉਂਕਿ ਕੋਈ ਅਗੰਮ ਵਾਕ ਮਨੁੱਖ ਦੀ ਇੱਛਿਆ ਤੋਂ ਕਦੇ ਨਹੀਂ ਆਇਆ ਸਗੋਂ ਮਨੁੱਖ ਪਵਿੱਤਰ ਆਤਮਾ ਦੇ ਉਕਾਸਣ ਨਾਲ ਪਰਮੇਸ਼ੁਰ ਦੀ ਵੱਲੋਂ ਬੋਲਦੇ ਸਨ।** ਇੱਥੇ ਆ ਕੇ, ਇਹ ਵਚਨ ਦਾ ਅਰਥ ਨਹੀਂ ਸੀ ਜਿਸ ਦੇ ਬਾਰੇ ਪਤਰਸ ਚਿੰਤਤ ਸੀ, ਪਰ ਇਸ ਦੀ ਬੁਨਿਆਦ। ਪਤਰਸ ਦੀ ਤਸਦੀਕ ਦੇ ਭਾਵ ਅਰਥ ਕਾਫੀ ਅਸਰਦਾਰ ਸਨ। ਜਦ ਕਿ ਸਾਡੇ ਕੋਲ ਉਨ੍ਹਾਂ ਤੇ ਹੁਣ ਵਿਸਤਾਰ ਨਾਲ ਵਿਚਾਰ ਕਰਨ ਦਾ ਸਮਾਂ ਨਹੀਂ ਹੈ, ਮੈਂ ਇਕ ਜਾਂ ਦੋ ਵਿਚਾਰ ਪੇਸ਼ ਕਰਾਂਗਾ। ਪਹਿਲਾ, ਵਿਚਾਰ ਅਧੀਨ "ਅਗੰਮ ਵਾਕ," ਜਿਵੇਂ ਕਿ ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ, ਪੁਰਾਣੇ ਨੇਮ ਦੀ ਸਮੁੱਚਤਾ ਹੈ। ਕੁਝ ਅਨੁਮਾਨ ਲਗਾਉਣ ਦੀ ਲੋੜ ਹੈ ਜੇਕਰ ਅਸੀਂ ਨਵੇਂ ਨੇਮ ਨੂੰ ਉਸੇ ਸਿਰਲੇਖ ਅਧੀਨ ਰੱਖਣਾ ਹੈ। ਫਿਰ ਵੀ, ਅਜਿਹਾ ਅਨੁਮਾਨ ਹੱਦ ਤੋਂ ਬਾਹਰ ਨਹੀਂ ਹੋਵੇਗਾ। ਨਵੇਂ ਨੇਮ ਵਿਚ ਪੌਲੁਸ ਅਤੇ ਹੋਰਨਾਂ ਸਹਾਇਕਾਂ ਨੂੰ ਇਸ ਗੱਲ ਦੀ ਸਮਝ ਸੀ ਕਿ ਪਵਿੱਤਰ ਆਤਮਾ ਉਨ੍ਹਾਂ ਦੀ ਅਗਵਾਈ ਵੀ ਕਰਦਾ ਸੀ (1 ਕੁਰਿੰਥੀਆਂ 2:13; 1 ਥੱਸਲੁਨੀਕੀਆਂ 1:5)।

ਦੂਜਾ, ਕਿਉਂਕਿ ਬਾਈਬਲ ਉਨ੍ਹਾਂ ਮਨੁੱਖਾਂ ਦਾ ਨਤੀਜਾ ਹੈ ਜਿਹੜੇ "ਪਵਿੱਤਰ ਆਤਮਾ ਦੇ ਉਕਾਸਣ ਨਾਲ ਪਰਮੇਸ਼ੁਰ ਦੀ ਵੱਲੋਂ ਬੋਲਦੇ ਸਨ," ਇਹ ਸਮਝਿਆ ਜਾਂਦਾ ਹੈ ਕਿ ਵਚਨ ਵਿਸ਼ਵਾਸਯੋਗ ਹੈ। ਜਦ ਕਿ ਬਾਈਬਲ ਦੇ ਲੇਖਕਾਂ ਨੇ ਲੋਕਾਂ ਤੱਕ ਆਪਣੇ ਸੰਦੇਸ਼ਾਂ ਨੂੰ ਪਹੁੰਚਾਉਣ ਲਈ ਆਮ ਭਾਸ਼ਾ ਸੰਮੇਲਨਾਂ ਦੀ ਵਰਤੋਂ ਕੀਤੀ ਸੀ, ਵਚਨ ਇਤਹਾਸਕ ਅੰਕੜਿਆਂ, ਧਾਰਮਿਕ ਨਿਰਦੇਸ਼ਾਂ, ਜਾਂ ਨੈਤਿਕ ਹੁਕਮਾਂ ਨੂੰ ਪੇਸ਼ ਕਰਨ ਵਿਚ ਕੋਈ ਗਲਤੀ ਨਹੀਂ ਕਰਦਾ। ਇਹ ਕਹਿਣ ਤੋਂ ਬਾਅਦ, ਇਹ ਸਮਝਣਾ ਬਹੁਤ ਹੀ ਜ਼ਰੂਰੀ ਹੈ ਕਿ "ਗਲਤੀ ਕਰਨ" ਤੋਂ ਕੀ ਭਾਵ ਹੈ। ਇਹ ਗੱਲ ਦਾ ਕੋਈ ਪਰਿਣਾਮ ਨਹੀਂ ਹੈ ਕਿ ਪਵਿੱਤਰ ਆਤਮਾ ਨੇ ਬਾਈਬਲ ਦੇ ਨਕਲ ਕਰਨ ਅਤੇ ਸੰਚਾਰ ਕਰਨ ਵਿਚ ਇਸ ਨੂੰ ਗਲਤੀ ਤੋਂ ਸੁਰੱਖਿਅਤ ਰੱਖਿਆ ਹੈ। ਪਰਿਣਾਮ ਉਲਟ ਹੈ। ਸਾਨੂੰ ਸੰਭਾਵਨਾ ਨੂੰ, ਕਈ ਵਾਰ ਅਸਲੀਅਤ ਨੂੰ ਜਾਇਜ਼

ਸਮਝਣਾ ਚਾਹੀਦਾ ਹੈ ਕਿ ਸੰਚਾਰ ਪਰਿਕ੍ਰਿਆ ਵਿਚ ਗਲਤੀਆਂ ਕੀਤੀਆਂ ਗਈਆਂ ਹਨ।

ਇਸ ਤੋਂ ਇਲਾਵਾ, ਅਨੁਵਾਦ ਕਦੇ ਗਲਤੀ ਨਾ ਕਰਨ ਵਾਲੀ ਪਰਿਕ੍ਰਿਆ ਨਹੀਂ ਹੈ। ਜੇਕਰ ਇਹ ਕਦੇ ਗਲਤੀ ਨਾ ਕਰਨ ਵਾਲੀ ਪਰਿਕ੍ਰਿਆ ਹੁੰਦੀ ਤਾਂ ਸਾਨੂੰ ਬਾਈਬਲ ਦੇ ਕਈ ਕਿਸਮ ਦੇ ਅਨੁਵਾਦਾਂ ਦੀ ਲੋੜ ਨਹੀਂ ਸੀ ਪੈਣੀ। ਇੱਕੋ ਪ੍ਰੇਰਿਤ ਅਨੁਵਾਦ ਕਾਫੀ ਹੋਣਾ ਸੀ। ਅਨੁਵਾਦਕਾਂ ਨੂੰ ਉਨ੍ਹਾਂ ਦੀ ਉੱਤਮ ਸੂਝ ਜਾਂ ਸਮਝ ਦਾ ਇਸਤੇਮਾਲ ਕਰਨ ਦੇ ਲਈ ਕਿਹਾ ਜਾਂਦਾ ਹੈ ਜਦੋਂ ਉਹ ਅਸਲੀ ਭਾਸ਼ਾ ਦਾ ਅਰਥ ਜਾਂ ਅਨੁਵਾਦ ਕਰਦੇ ਹਨ। ਸਾਨੂੰ ਅਨੁਵਾਦ ਵਿਚ ਗਲਤੀਆਂ ਹੋਣ ਦੇਣੀਆਂ ਚਾਹੀਦੀਆਂ ਹਨ। ਹਾਲਾਂਕਿ ਇਹ ਪਰੇਸ਼ਾਨ ਕਰਨ ਵਾਲਾ ਹੋ ਸਕਦਾ ਹੈ, ਖਾਸ ਕਰਕੇ ਜਦੋਂ ਕੋਈ ਇਸ ਦਾ ਪਹਿਲੀ ਵਾਰ ਸਾਹਮਣਾ ਕਰਦਾ ਹੈ, ਸਾਨੂੰ ਇਸ ਬੋਧ ਤੋਂ ਦਿਲਾਸਾ ਮਿਲਣਾ ਚਾਹੀਦਾ ਹੈ ਕਿ ਬਾਈਬਲ ਦੀਆਂ ਹਜ਼ਾਰਾਂ ਹਸਤਲਿੱਪਆਂ ਸੰਭਾਲ ਕੇ ਰੱਖੀਆਂ ਗਈਆਂ ਹਨ। ਅਸੀਂ ਉਨ੍ਹਾਂ ਵਿਦਵਾਨਾਂ ਦੇ ਰਿਣੀ ਹਾਂ ਜਿਨ੍ਹਾਂ ਨੇ ਹਸਤਲਿੱਪੀਆਂ ਵਿਚ ਜਿੱਥੇ-ਜਿੱਥੇ ਕੋਈ ਫ਼ਰਕ ਨਜ਼ਰ ਆਉਂਦਾ ਹੈ ਉਸ ਦੀ ਚੰਗੀ ਤਰ੍ਹਾਂ ਜਾਂਚ ਅਤੇ ਮੁਲਾਂਕਣ ਕਰਨ ਵਿਚ ਆਪਣੇ ਪੂਰ-ਪੂਰੇ ਜੀਵਨ ਬਿਤਾ ਦਿੱਤੇ ਹਨ। ਜਦ ਕਿ ਅਨੁਵਾਦ ਉਸ ਤਰ੍ਹਾਂ ਪ੍ਰੇਰਿਤ ਨਹੀਂ ਹਨ ਜਿਵੇਂ ਕਿ ਅਸਲੀ ਨਿੱਕੀਆਂ ਲਿਖਤਾਂ ਪ੍ਰੇਰਿਤ ਸਨ, ਅਸੀਂ ਇਹ ਭਰੋਸਾ ਕਰ ਸਕਦੇ ਹਾਂ ਬਾਈਬਲ ਦਾ ਪੰਜਾਬੀ ਵਿਚ ਅਨੁਵਾਦ ਕਰਦਿਆਂ ਵੱਧ ਤੋਂ ਵੱਧ ਸਾਵਧਾਨੀ ਵਰਤੀ ਗਈ ਹੈ। ਸਾਨੂੰ ਸੁਚੇਤ ਰਹਿਣਾ ਚਾਹੀਦਾ ਹੈ, ਪਰ ਅਸੀਂ ਇਹ ਭਰੋਸਾ ਕਰਨ ਵਾਲੇ ਬਣ ਸਕਦੇ ਹਾਂ ਕਿ ਸਾਡੀ ਪਹੁੰਚ ਉਸ ਸੰਦੇਸ਼ ਤੱਕ ਹੈ ਜਿਸ ਦੇ ਰਾਹੀਂ ਪਰਮੇਸ਼ੁਰ ਲੋਕਾਂ ਨੂੰ ਆਪਣਾ ਨਾਮ ਕਬੂਲ ਕਰਨ ਦੇ ਲਈ ਬੁਲਾਉਂਦਾ ਹੈ ਅਤੇ ਜੀਵਨ ਦੇ ਰਾਹਾਂ ਵਿਚ ਉਨ੍ਹਾਂ ਨੂੰ ਨਿਰਦੇਸ਼ ਦਿੰਦਾ ਹੈ।

# ਪ੍ਰਾਸੰਗਿਕਤਾ

**ਪਰਮੇਸ਼ੁਰ ਦਾ ਪ੍ਰੇਮ (1:3)**

ਸ਼ਾਇਦ ਮਸੀਹੀ ਸਿੱਖਿਆਵਾਂ ਦਾ ਮੂਲ ਸਿਧਾਂਤ ਇਹ ਸਰਲ ਜਿਹਾ ਦਾਅਵਾ ਹੈ ਕਿ "ਪਰਮੇਸ਼ੁਰ ਪ੍ਰੇਮ ਹੈ।" ਇਹ ਉਹ ਇਕਰਾਰ ਹੈ ਜੋ ਸਮੇਂ-ਸਮੇਂ ਤੇ ਗੰਭੀਰ ਰੂਪ ਨਾਲ ਪਰਖਿਆ ਜਾਂਦਾ ਹੈ।

ਮੰਨ ਲਓ ਕਿ ਇਕ ਜਵਾਨ ਔਰਤ ਹੈ ਜੋ ਨੌਂ ਮਹੀਨਿਆਂ ਤੋਂ ਗਰਭਵੰਤੀ ਹੈ ਅਤੇ ਬੜੀ ਉਤਸੁਕਤਾ ਨਾਲ ਆਪਣੇ ਪਹਿਲੇ ਬੱਚੇ ਦੇ ਜਨਮ ਲੈਣ ਦੀ ਉਡੀਕ ਕਰ ਰਹੀ ਹੈ। ਫਿਰ, ਬੱਚਾ ਜਨਮ ਲੈਂਦਾ ਹੈ ਅਤੇ ਉਹ ਇਹ ਖ਼ਬਰ ਉਸ ਨੂੰ ਦੱਸਦੇ ਹਨ। ਬੱਚੇ ਨੂੰ ਡਾਊਨ ਸਿੰਡਰਮ ਨਾਂ ਦੀ ਬਿਮਾਰੀ ਹੈ ਜਾਂ ਬੱਚਾ ਮੰਦਬੁੱਧੀ ਹੈ। ਜਵਾਨ ਮਾਂ ਤੁਹਾਡੇ ਵੱਲ ਤੱਕਦੀ ਹੈ ਅਤੇ ਪੁੱਛਦੀ ਹੈ, "ਕੀ ਪਰਮੇਸ਼ੁਰ ਮੈਨੂੰ ਪ੍ਰੇਮ ਕਰਦਾ ਹੈ? ਕੀ ਪਰਮੇਸ਼ੁਰ ਇਸ ਬੱਚੇ ਨੂੰ ਪ੍ਰੇਮ ਕਰਦਾ ਹੈ? ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਪਰਮੇਸ਼ੁਰ ਪ੍ਰੇਮ ਹੈ ਜਦ ਕਿ ਉਹ ਇਸ ਤਰ੍ਹਾਂ ਹੋਣ ਦਿੰਦਾ ਹੈ?" ਇਹ ਕਿ ਪਰਮੇਸ਼ੁਰ ਪ੍ਰੇਮ ਹੈ ਬਹੁਤ ਹੀ ਮੁਸ਼ਕਲ ਇਕਰਾਰ ਹੈ ਜੋ ਹਲਕੇ ਵਿਚ ਕੀਤਾ ਜਾਂਦਾ ਹੈ। ਇਸ ਦੇ ਵਿਚ ਬਹੁਤ ਜ਼ਿਆਦਾ ਦੁੱਖ ਹੈ। ਇਹ ਸਭ ਦੇਖ ਕੇ, ਕਈ ਵਾਰ ਭੋਲੇ ਭਾਲੇ ਲੋਕਾਂ ਨੂੰ ਉਨ੍ਹਾਂ ਜੁਰਮਾਂ ਦੇ ਲਈ ਦੁੱਖ ਝੱਲਣਾ ਪੈਂਦਾ ਹੈ ਜੋ ਉਨ੍ਹਾਂ ਨੇ ਨਹੀਂ ਕੀਤੇ ਹੁੰਦੇ। ਜੇਕਰ ਪਰਮੇਸ਼ੁਰ ਆਪਣੇ ਲੋਕਾਂ ਨੂੰ ਪ੍ਰੇਮ ਕਰਦਾ ਹੈ ਅਤੇ ਜੇਕਰ ਉਹ ਸਰਬ-ਸ਼ਕਤੀਮਾਨ ਹੈ, ਤਾਂ ਉਹ ਭੋਲੇ-ਭਾਲੇ ਲੋਕਾਂ ਤੇ ਦੁੱਖ ਕਿਉਂ ਆਉਣ ਦਿੰਦਾ ਹੈ?

ਪਤਰਸ ਦਾ ਉੱਤਰ ਇਹ ਪੁਸ਼ਟੀ ਕਰਨ ਲਈ ਹੈ ਕਿ ਪਰਮੇਸ਼ੁਰ ਨੇ "ਸੱਭੋ ਕੁਝ ਜੋ ਜੀਵਨ ਅਤੇ ਭਗਤੀ ਨਾਲ ਵਾਸਤਾ ਰੱਖਦਾ ਹੈ ਸਾਨੂੰ ਦਿੱਤਾ ਹੈ" (1:3)। ਇਸ ਦਾ ਅਰਥ ਇਹ ਹੈ ਕਿ ਪਰਮੇਸ਼ੁਰ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਲਈ ਸੰਸਾਰ ਦੇ ਪਾਪ ਅਤੇ ਬੁਰਿਆਈ ਰਾਹੀਂ ਕੰਮ ਕਰ ਸਕਦਾ ਹੈ ਅਤੇ ਕਰਦਾ ਹੈ। ਮਸੀਹੀ ਲੋਕ ਜੀਵਨ ਅਤੇ ਭਗਤੀ ਵਾਲੇ ਪਾਸੇ ਖੜ੍ਹੇ ਹੁੰਦੇ ਹਨ ਜਦੋਂ ਉਹ ਨਾਸਰਤ ਦੇ ਯਿਸੂ ਨਾਲ ਆਪਣੀ ਵੰਡ ਪਾਉਂਦੇ ਹਨ। ਸੰਸਾਰ ਤੇ ਰਾਜ ਕਰਨਾ ਪਰਮੇਸ਼ੁਰ ਦਾ ਕੰਮ ਹੈ। ਉਸ ਨੂੰ ਪ੍ਰੇਮ ਕਰਨਾ ਅਤੇ ਉਸ ਤੇ ਭਰੋਸਾ ਕਰਨ ਉਸ ਦੀ ਰਚਨਾ ਦਾ ਕੰਮ ਹੈ। ਅਸੀਂ ਇਸ ਗੱਲ ਨੂੰ ਮੰਨਦੇ ਹਾਂ ਕਿ ਅਸੀਂ ਉਸ ਦੇ ਸਾਰੇ ਰਾਹਾਂ ਨੂੰ ਨਹੀਂ ਜਾਣਦੇ। ਅਸੀਂ ਆਪਣੇ ਆਪ ਨੂੰ ਉਸ ਦੀ ਦੇਖਰੇਖ ਵਿਚ ਸੌਂਪਣ ਲਈ ਉਨ੍ਹਾਂ ਨੂੰ ਰਾਹਾਂ ਨੂੰ ਚੰਗੀ ਤਰ੍ਹਾਂ ਨਹੀਂ ਜਾਣਦੇ। ਯਿਸੂ ਮਸੀਹ ਦੇ ਰਾਹੀਂ, ਅਸੀਂ ਪਾਪ ਤੋਂ ਬਚਾਏ ਜਾਣ ਅਤੇ ਸਦੀਪਕ ਜੀਵਨ ਦੀ ਆਸ ਕਰਨ ਦੇ ਲਈ ਉਸ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ।

**ਇਸ ਦੇ ਲਈ ਵਚਨ ਦਾ ਹੋਣਾ (1:5-8)**

ਮਸੀਹੀ ਗੁਣਾਂ ਬਾਰੇ ਪਤਰਸ ਦੀ ਸੂਚੀ ਵਿਚ ਕਈ ਇਹੋ ਜਿਹੀਆਂ ਗੱਲਾਂ ਹਨ ਜਿਨ੍ਹਾਂ ਦਾ ਸੰਬੰਧ ਗਲਾਤੀਆਂ 5:22, 23 ਵਿਚ ਦਿੱਤੇ ਗਏ ਆਤਮਾ ਦੇ ਫਲ ਨਾਲ ਹੈ। ਦੋਵੇਂ ਲੇਖਕ, ਪਤਰਸ ਅਤੇ ਪੌਲੁਸ, ਉਨ੍ਹਾਂ ਨੂੰ ਗੁਣਾਂ ਨੂੰ ਸਮਝ ਗਏ ਜਿਨ੍ਹਾਂ ਨੂੰ ਉਨ੍ਹਾਂ ਨੇ "ਫਲਾਂ" ਦੇ ਭਾਵ ਵਿਚ ਸੂਚੀਬੱਧ ਕੀਤਾ ਸੀ। ਪਤਰਸ ਨੇ ਕਿਹਾ ਕਿ ਜਿਨ੍ਹਾਂ ਗੁਣਾਂ ਦੀ ਮੈਂ ਸੂਚੀ ਦਿੱਤੀ ਹੈ ਉਹ ਮਸੀਹੀ ਲੋਕਾਂ ਨੂੰ "ਨਿਸਫਲ" ਹੋਣ ਤੋਂ ਬਚਾਉਣਗੇ। ਸ਼ਬਦ ਸਾਨੂੰ ਉਸ ਤਰੀਕੇ ਬਾਰੇ ਸੋਚਣ ਲਈ ਇਕ ਸ਼ਬਦਾਵਲੀ ਦਿੰਦੇ ਹਨ ਜਿਸ ਤਰੀਕੇ ਨਾਲ ਮਸੀਹੀ ਵਿਅਕਤੀ ਨੂੰ ਆਪਣਾ ਜੀਵਨ ਜੀਉਣਾ ਚਾਹੀਦਾ ਹੈ। ਸਾਨੂੰ ਉਨ੍ਹਾਂ ਧਾਰਣਾਨਾਂ ਬਾਰੇ ਸੋਚਣ ਵਿਚ ਤਕਲੀਫ਼ ਹੁੰਦੀ ਹੈ ਜਿਨ੍ਹਾਂ ਦਾ ਅਸੀਂ ਨਾਮ ਨਹੀਂ ਲੈ ਸਕਦੇ।

ਅਨੁਭਵ ਸਾਡੀ ਸ਼ਬਦਾਵਲੀ ਨੂੰ ਆਕਾਰ ਦਿੰਦਾ ਹੈ ਅਤੇ ਸਾਡੀ ਸੋਚ ਨੂੰ ਸੁਆਰਦਾ ਹੈ। ਉਦਾਹਰਣ ਦੇ ਲਈ, ਇਸਕੀਮੋ ਕੋਲ ਬਰਫਬਾਰੀ ਲਈ ਕਈ ਸ਼ਬਦ ਹਨ। ਭੂ-ਮੱਧ ਰੇਖਾ ਦੇ ਦੋਵੇਂ ਪਾਸੇ ਰਹਿਣ ਵਾਲਿਆਂ ਕੋਲ ਕੋਈ ਵੀ ਨਹੀਂ। ਕਿਉਂਕਿ ਉਸ ਦੇ ਕੋਲ ਇਸ ਦੇ ਲਈ ਕਈ ਨਾਮ ਹਨ, ਇਸਕੀਮੋ ਬਰਫਬਾਰੀ ਵਿਚ ਫ਼ਰਕਾਂ ਨੂੰ ਦੇਖ ਲਵੇਗਾ ਜਦ ਕਿ ਇਸ ਦਾ ਭੂ-ਮੱਧ ਰੇਖਾ ਦੇ ਦੋਵੇਂ ਪਾਸੇ ਰਹਿਣ ਵਾਲੇ ਮਨੁੱਖ ਦੇ ਲਈ ਕੋਈ ਅਰਥ ਨਹੀਂ ਹੋਵੇਗਾ ਭਾਵੇਂ ਉਸ ਨੂੰ ਬਰਫਬਾਰੀ ਦੇ ਮਾਹੌਲ ਵਿਚ ਹੀ ਕਿਉਂ ਨਾ ਲਿਜਾਇਆ ਜਾਵੇ। ਇਸਕੀਮੋ ਦੇ ਸ਼ਬਦਾਂ ਤੋਂ ਬਿਨਾਂ ਭੂ-ਮੱਧ ਰੇਖਾ ਦੇ ਦੋਵੇਂ ਪਾਸੇ ਰਹਿਣ ਵਾਲਾ ਮਨੁੱਖ ਅਸੰਭਵ ਤੌਰ ਤੇ ਬਰਫ ਦੇ ਕਿਣਕਿਆਂ ਵਿਚ ਫ਼ਰਕ ਨੂੰ ਨਹੀਂ ਵੇਖ ਸਕੇਗਾ।

ਉਸੇ ਤਰ੍ਹਾਂ, ਪਰਮੇਸ਼ੁਰ ਨਾਲ ਸਾਡਾ ਅਨੁਭਵ ਸਾਨੂੰ ਇਹ ਸਮਝਣ ਦੇ ਲਈ ਕਿ ਪਰਮੇਸ਼ੁਰ ਕੌਣ ਹੈ ਅਤੇ ਕਿਸ ਕਿਸਮ ਦਾ ਜੀਵਨ ਉਹ ਚਾਹੁੰਦਾ ਹੈ ਕਿ ਉਸ ਦੇ ਲੋਕ ਜੀਉਣ ਨਾਮ ਅਤੇ ਸ਼ਬਦ ਦਿੰਦਾ ਹੈ। ਨੈਤਿਕ ਸੰਵੇਦਨਸ਼ੀਲਤਾਵਾਂ ਵਿਚ ਵਾਧਾ ਇਕ ਪਾਸੇ "ਆਤਮ-ਸੰਜਮ" ਅਤੇ ਦੂਜੇ ਪਾਸੇ "ਭਗਤੀ" ਵਿਚਕਾਰ ਬਰੀਕ ਫ਼ਰਕਾਂ ਦੇ ਵਿਚਾਰ ਦੁਆਰਾ ਹੁੰਦਾ ਹੈ। "ਭਰੱਪਣ ਦਾ ਪ੍ਰੇਮ" ਉਸ ਆਮ ਸ਼ਬਦ ਵਰਗਾ ਬਿਲਕੁਲ ਨਹੀਂ ਹੈ ਜੋ "ਪ੍ਰੇਮ" ਦੇ ਲਈ ਵਰਤਿਆ ਜਾਂਦਾ ਹੈ। ਉਨ੍ਹਾਂ ਗੁਣਾਂ ਦਾ ਵਰਣਨ ਕਰਕੇ ਜੋ ਪਰਮੇਸ਼ੁਰ ਦੇ ਲੋਕਾਂ ਨੇ ਅਪਨਾਉਣੇ ਹਨ, ਪਰਮੇਸ਼ੁਰ ਨੇ ਸਾਨੂੰ ਉਨ੍ਹਾਂ ਨੂੰ ਪਛਾਨਣ, ਉਨ੍ਹਾਂ ਬਾਰੇ ਸੋਚਣ ਅਤੇ ਜੀਵਨ ਲਈ ਉਨ੍ਹਾਂ ਦਾ ਇਕ ਨਮੂਨੇ ਵਜੋਂ ਪਾਲਣ ਕਰਨ ਵਾਸਤੇ ਉਨ੍ਹਾਂ ਦੇ ਅਰਥ ਦਿੱਤੇ ਹਨ।

## **ਆਪਣੇ ਸੱਦੇ ਅਤੇ ਚੁਣੇ ਜਾਣ ਨੂੰ ਪੱਕਿਆਂ ਕਰੋ (1:8-11)**

ਜਦੋਂ ਇਕ ਮਸੀਹੀ ਵਿਅਕਤੀ ਖੁੱਲ੍ਹੇ ਦਿਲ ਨਾਲ ਉਨ੍ਹਾਂ ਗੁਣਾਂ ਨਾਲ ਆਪਣੇ ਜੀਵਨ ਨੂੰ ਦਿੰਦਾ ਹੈ ਜਿਨ੍ਹਾਂ ਦੀ ਸੂਚੀ ਪਤਰਸ ਨੇ ਦਿੱਤੀ ਹੈ, ਜਦੋਂ ਉਹ ਉਨ੍ਹਾਂ ਦਾ ਪਾਲਣ ਕਰਦਾ ਹੈ, ਇਸ ਦਾ ਸੁਭਾਵਕ ਨਤੀਜਾ ਮਸੀਹ ਦਾ ਗਿਆਨ ਹੁੰਦਾ ਹੈ। ਕੋਈ ਵੀ ਗਿਆਨ ਵਿਚ ਬਾਂਝ ਅਤੇ ਨਿਸਫਲ ਨਹੀਂ ਹੋ ਸਕਦਾ ਜਿਹੜਾ ਆਪਣੇ ਜੀਵਨ ਵਿਚ ਮਸੀਹੀ ਖੂਬੀਆਂ ਨੂੰ ਜੋੜ ਲੈਂਦਾ ਹੈ। ਪਤਰਸ ਸਿਧਾਂਤਕ ਨਹੀਂ ਪਰ ਵਿਹਾਰਕ ਗਿਆਨ ਬਾਰੇ ਗੱਲ ਕਰ ਰਿਹਾ ਸੀ। ਦੋਵੇਂ ਇੱਕੋ ਜਿਹੇ ਨਹੀਂ ਹਨ। ਉਦਾਹਰਣ ਦੇ ਲਈ, ਕੋਈ ਵਿਅਕਤੀ ਜਿਮਨਾਸਟਿਕ ਜਾਂ ਵਰਜ਼ਿਸ਼ ਬਾਰੇ ਪੜ੍ਹ ਸਕਦਾ ਹੈ, ਪਰ ਉਹ ਜਿਮਨਾਸਟਿਕ ਜਾਂ ਵਰਜ਼ਿਸ਼ ਨੂੰ ਆਪਣੇ ਜੀਵਨ ਵਿਚ ਕਈ ਸਾਲਾਂ ਦੀ ਸਿਖਲਾਈ ਪ੍ਰਾਪਤ ਕਰਨ ਤੋਂ ਬਾਅਦ ਹੀ *ਜਾਣ* ਪਾਉਂਦਾ ਹੈ। ਝੂਠੇ ਉਪਦੇਸ਼ਕ ਜਿਨ੍ਹਾਂ ਨਾਲ ਪਤਰਸ ਦਾ ਸਾਹਮਣਾ ਹੋਇਆ ਉਨ੍ਹਾਂ ਗੱਲਾਂ ਨੂੰ ਜਾਣਨ ਦਾ ਦਾਅਵਾ ਕਰਦੇ ਸਨ ਜੋ ਰਸੂਲ ਵੀ ਨਹੀਂ ਸੀ ਜਾਣਦੇ। ਉਨ੍ਹਾਂ ਦੇ ਲਈ ਗਿਆਨ ਭੇਦ ਭਰੀ ਗੱਲ ਸੀ, ਗੁਪਤ ਗੱਲ ਜਿਸ ਨੂੰ ਉਹ ਕਿਸੇ ਨਾਲ ਸਾਂਝਾ ਨਹੀਂ ਸੀ ਕਰ ਸਕਦੇ। ਪਤਰਸ ਲਈ, ਗਿਆਨ ਅਤੇ ਭਗਤੀ ਅਟੁੱਟ ਸਨ।

ਗਿਆਨ ਸਿਧਾਂਤਕ ਨਹੀਂ ਹੈ। ਇਸ ਦਾ ਅਨੁਭਵ ਜੀਵਨ ਜੀਉਣ ਨਾਲ ਹੁੰਦਾ ਹੈ। ਉਦਾਹਰਣ ਦੇ ਲਈ, ਕੋਈ ਵਿਅਕਤੀ ਧੀਰਜ ਬਾਰੇ ਪੜ੍ਹ ਸਕਦਾ ਹੈ, ਪਰ ਧੀਰਜ ਕੀ ਹੈ ਅਤੇ ਉਸ ਦੇ ਅੰਦਰ ਧੀਰਜ ਰੱਖਣ ਦੀ ਕਿੰਨੀ ਯੋਗਤਾ ਹੈ ਸਿਰਫ ਉਦੋਂ *ਜਾਣਦਾ* ਹੈ ਜਦੋਂ ਉਹ ਧੀਰਜ ਰੱਖਦਾ ਹੈ। ਉਸੇ ਤਰ੍ਹਾਂ, ਉਹ ਸੰਜਮ ਨੂੰ ਉਦੋਂ ਜਾਣਦਾ ਹੈ ਜਦੋਂ ਉਹ ਸੰਜਮ ਨੂੰ ਅਮਲ ਵਿਚ ਲਿਆਉਂਦਾ ਹੈ। ਧੀਰਜ, ਸੰਜਮ ਅਤੇ ਹੋਰ ਮਸੀਹੀ ਖੂਬੀਆਂ ਨੂੰ ਜਾਣਨ ਦਾ ਮਸੀਹ ਨੂੰ ਜਾਣਨ ਨਾਲ ਕੋਈ ਸੰਬੰਧ ਨਹੀਂ ਹੈ। ਕਰਨਾ ਹੀ ਜਾਣਨ ਨੂੰ ਜਨਮ ਦਿੰਦਾ ਹੈ। ਰਸੂਲ ਨੇ ਆਪਣੇ ਪਾਠਕਾਂ ਨੂੰ ਭਰੋਸਾ ਦਿੱਤਾ ਕਿ "ਜੇਕਰ ਇਹ ਗੁਣ ਤੁਹਾਡੇ ਵਿਚ ਵਧਦੇ ਜਾਣ ਤਾਂ ਸਾਡੇ ਪ੍ਰਭੂ ਯਿਸੂ ਮਸੀਹ ਦੇ ਗਿਆਨ ਵਿਚ ਅਸਰਦਾਰ ਅਤੇ ਫਲਦਾਇਕ ਦੋਵੇਂ ਹੀ ਹੋਵੋਗੇ।" ਦੂਜੇ ਪਾਸੇ, ਜਿਹੜਾ ਮਸੀਹ ਦਾ ਇਕਰਾਰ ਕਰਦਾ ਹੈ ਅਤੇ ਮਸੀਹੀ ਸਿੱਖਿਆ ਦੇ ਇਨ੍ਹਾਂ ਵਿਹਾਰਕ ਪਰਕਾਸ਼ਾਂ ਨੂੰ ਜਾਣਨ ਵਿਚ ਅਸਫ਼ਲ ਹੋ ਜਾਂਦਾ ਹੈ ਅੰਨ੍ਹਾ ਹੈ ਅਤੇ ਭੁੱਲ ਗਿਆ ਹੈ (ਅਰਥਾਤ, ਉਹ ਨਹੀਂ ਜਾਣਦਾ) ਕਿ ਉਹ ਆਪਣੇ ਅਗਲੇ ਪਾਪਾਂ ਤੋਂ ਸ਼ੁੱਧ ਕੀਤਾ ਗਿਆ ਹੈ।

## **ਸਚਿਆਈ ਵਿਚ ਇਸਥਿਰ (1:12-18)**

"ਸਚਿਆਈ" ਇਕ ਔਖਾ ਸ਼ਬਦ ਹੈ ਜਿਸ ਨੂੰ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ। ਇਹ ਬਾਈਬਲ ਵਿਚ ਇਕ ਬਹੁਤ ਵੱਡਾ ਸ਼ਬਦ ਹੈ। ਯਿਸੂ ਨੇ ਕਿਹਾ, "ਅਰ ਸਚਿਆਈ ਨੂੰ ਜਾਣੋਗੇ ਅਤੇ ਸਚਿਆਈ ਤੁਹਾਨੂੰ ਅਜ਼ਾਦ ਕਰੇਗੀ" (ਯੂਹੰਨਾ 8:32; NIV)। ਯਿਸੂ ਦੀ ਪੇਸ਼ੀ ਦੌਰਾਨ, ਪਿਲਾਤੁਸ ਨੇ ਪੁੱਛਿਆ, "ਸਚਿਆਈ ਹੁੰਦੀ ਕੀ ਹੈ?" (ਯੂਹੰਨਾ 18:38)। ਪਿਲਾਤੁਸ ਤੋਂ ਭਿੰਨ, ਬਾਈਬਲ ਇਸ ਕਲਪਨਾ ਨਾਲ ਸ਼ੁਰੂ ਅਤੇ ਖਤਮ ਹੁੰਦੀ ਹੈ ਕਿ ਲੋਕ ਸਚਿਆਈ ਨੂੰ ਜਾਣ ਸਕਣ।

ਦੋਸਤੋ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਉਨ੍ਹਾਂ ਲੋਕਾਂ ਨੂੰ ਜਾਣਦੇ ਹਨ ਜਿਹੜੇ ਨਿਸ਼ਚਤ ਪ੍ਰਤੀਤ ਹੁੰਦੇ ਹਨ ਕਿ ਉਹ ਲਗਭਗ ਕਿਸੇ ਵੀ ਗੱਲ ਬਾਰੇ ਸਚਿਆਈ ਨੂੰ ਜਾਣਦੇ ਜੋ ਕੋਈ ਵਿਅਕਤੀ ਉਨ੍ਹਾਂ ਨੂੰ ਕਹਿੰਦਾ ਹੈ। ਸਵੇਰ ਦੇ ਨਾਸ਼ਤੇ ਤੋਂ ਲੈ ਕੇ ਜੋ ਸਿਹਤ ਲਈ ਸਭ ਤੋਂ ਵਧੀਆ ਹੁੰਦਾ ਹੈ, ਭਾਰਤ ਵਿਚ ਮੌਸਮ ਕਿਸ ਤਰ੍ਹਾਂ ਦਾ ਹੈ, ਹਰ ਨੈਤਿਕ ਮੁੱਦੇ ਦਾ ਉਨ੍ਹਾਂ ਕੋਲ

ਜਵਾਬ ਹੁੰਦਾ ਹੈ। ਫਿਰ ਵੀ, ਮੈਂ ਉਨ੍ਹਾਂ ਲੋਕਾਂ ਨੂੰ ਵੀ ਜਾਣਦਾ ਹਾਂ ਜੋ ਆਪਣੇ ਉੱਤਰਾਂ ਵਿਚ ਨਿਸ਼ਚਤ ਪ੍ਰਤੀਤ ਨਹੀਂ ਹੁੰਦੇ। ਸਮੁੱਚੇ ਤੌਰ ਤੇ, ਸਾਡੀ ਦੁਨੀਆ ਦੀ ਲੋਕ ਕਿਸੇ ਵੀ ਗੱਲ ਬਾਰੇ ਸਚਿਆਈ ਨੂੰ ਜਾਣਨ ਦੇ ਲਈ ਜਿੰਨਾ ਸਾਡੇ ਪਿਤਾ ਯਕੀਨੀ ਸਨ ਉਸ ਨਾਲੋਂ ਬਹੁਤ ਜ਼ਿਆਦਾ ਘੱਟ ਯਕੀਨੀ ਹੈ।

ਰਸੂਲ ਪਤਰਸ ਨੇ ਉਨ੍ਹਾਂ ਮਸੀਹੀ ਲੋਕਾਂ ਨੂੰ ਜਿਨ੍ਹਾਂ ਨੂੰ ਉਸ ਨੇ 2 ਪਤਰਸ ਵਿਚ ਸੰਬੋਧਿਤ ਕੀਤਾ ਸੀ ਭਰੋਸਾ ਦਿਵਾਇਆ ਕਿ ਉਹ ਸਚਿਆਈ ਨੂੰ ਜਾਣ ਸਕਦੇ ਹਨ। ਉਸ ਦੇ ਸ਼ਬਦਾਂ ਵਿਚ ਮਹੱਤਵਪੂਰਣ ਭਾਵ ਅਰਥ ਹਨ।

1. *ਸਚਿਆਈ ਉਨ੍ਹਾਂ ਨੂੰ ਲੱਭ ਸਕਦੀ ਹੈ ਜਿਹੜੇ ਜਤਨ ਨਾਲ ਇਸ ਦੀ ਭਾਲ ਕਰਦੇ ਹਨ।* ਸਾਨੂੰ ਜ਼ਰੂਰੀ ਸਚਿਆਈਆਂ ਨੂੰ ਜਾਣਨ ਬਾਰੇ ਭਰੋਸੇਮੰਦ ਬਣਨ ਲਈ ਸਾਰੀ ਸਚਿਆਈ ਨੂੰ ਜਾਣਨ ਦੀ ਲੋੜ ਨਹੀਂ ਹੈ। ਰਸੂਲ ਨੇ ਲਿਖਿਆ, "ਇਸ ਲਈ ਮੈਂ ਤੁਹਾਨੂੰ ਸਦਾ ਏਹ ਗੱਲਾਂ ਚੇਤੇ ਕਰਾਉਣ ਦਾ ਧਿਆਨ ਰੱਖਾਂਗਾ ਭਾਵੇਂ ਤੁਸੀਂ ਇਨ੍ਹਾਂ ਨੂੰ ਜਾਣਦੇ ਹੀ ਹੋ ਅਤੇ ਓਸ ਸਚਿਆਈ ਉੱਤੇ ਜਿਹੜੀ ਤੁਹਾਡੇ ਕੋਲ ਹੈ ਇਸਥਿਰ ਕੀਤੇ ਹੋਏ ਹੋ" (2 ਪਤਰਸ 1:12)।

ਪਤਰਸ ਅਤੇ ਹੋਰਨਾਂ ਨੇ ਸੰਸਾਰ ਨੂੰ ਉਹ ਦੱਸਿਆ ਜੋ ਉਨ੍ਹਾਂ ਨੇ ਵੇਖਿਆ ਅਤੇ ਸੁਣਿਆ ਸੀ ਜਦੋਂ ਉਹ ਯਿਸੂ ਦੇ ਨਾਲ ਸਨ। ਉਨ੍ਹਾਂ ਨੇ ਉਸ ਨੂੰ ਅੰਨ੍ਹੇ ਨੂੰ ਛੋਂਹਦੇ ਅਤੇ ਚੰਗਾ ਕਰਦੇ ਵੇਖਿਆ ਸੀ। ਉਹ ਉੱਥੇ ਉਸ ਦੇ ਨਾਲ ਮੌਜੂਦ ਸਨ ਜਦੋਂ ਉਸ ਨੇ ਪੌਣ ਨੂੰ ਸ਼ਾਂਤ ਕੀਤਾ ਅਤੇ ਚਮਤਕਾਰੀ ਢੰਗ ਨਾਲ ਪੰਜ ਹਜ਼ਾਰ ਲੋਕਾਂ ਨੂੰ ਰਜਾਇਆ। ਉਹ ਯਿਸੂ ਦਾ ਰੂਪ ਬਦਲਣ ਸਮੇਂ ਪਹਾੜ ਉੱਤੇ ਉਸ ਦੇ ਨਾਲ ਸਨ ਜਦੋਂ ਅਕਾਸ਼ ਤੋਂ ਪਰਮੇਸ਼ੁਰ ਦੀ ਅਵਾਜ਼ ਆਈ ਅਤੇ ਸਾਖੀ ਦਿੱਤੀ ਕਿ ਯਿਸੂ ਪ੍ਰਭੂ ਹੈ। ਪਤਰਸ ਨੇ ਉਸ ਦੀ ਗਵਾਹੀ ਦਿੱਤੀ ਜੋ ਹੋਇਆ ਸੀ ਜਦੋਂ ਉਸ ਨੇ ਕਿਹਾ, "ਡਾਢੇ ਭੜਕ ਵਾਲੇ ਤੇਜ ਤੋਂ ਉਹ ਨੂੰ ਇਹ ਸ਼ਬਦ ਆਇਆ ਭਈ 'ਇਹ ਮੇਰਾ ਪਿਆਰਾ ਪੁੱਤ੍ਰ ਹੈ ਜਿਸ ਤੋਂ ਮੈਂ ਪਰਸਿੰਨ ਹਾਂ।' ਅਤੇ ਇਹ ਸ਼ਬਦ ਅਸਾਂ ਜਿਸ ਵੇਲੇ ਪਵਿੱਤਰ ਪਹਾੜ ਉੱਤੇ ਉਹ ਦੇ ਨਾਲ ਸਾਂ ਤਾਂ ਅਕਾਸ਼ੋਂ ਆਉਂਦਾ ਸੁਣਿਆ" (2 ਪਤਰਸ 1:17, 18)।

ਕਈਆਂ ਨੇ ਜਿਨ੍ਹਾਂ ਨੇ ਇਹ ਸੁਣਿਆ ਉਨ੍ਹਾਂ ਨੇ ਇਹ ਦਾਅਵਾ ਕੀਤਾ ਕਿ ਪਤਰਸ "ਚਤਰਾਈ ਦੀਆਂ ਬਣਾਉਟੀ ਕਹਾਣੀਆਂ" ਸੁਣਾਉਂਦਾ ਸੀ। ਰਸੂਲ ਨੇ ਇਸ ਦਾ ਇਨਕਾਰ ਕੀਤਾ। ਪਤਰਸ ਦੇ ਦਾਅਵੇ ਦੀ ਇਸ ਤਰ੍ਹਾਂ ਵਿਆਖਿਆ ਕੀਤੀ ਜਾ ਸਕਦੀ ਹੈ: "ਅਸੀਂ ਜਿਸ ਬਾਰੇ ਗੱਲ ਕਰ ਰਹੇ ਹਾਂ ਗੈਰ-ਯਹੂਦੀ ਲੋਕਾਂ ਦੀਆਂ ਪੁਰਾਣਕ ਕਥਾਵਾਂ ਦੇ ਵਾਂਗ ਨਹੀਂ ਹਨ। ਅਸੀਂ ਉੱਥੇ ਉਸ ਦੇ ਨਾਲ ਸਾਂ। ਇਹ ਗੱਲਾਂ ਸੱਚਮੁੱਚ ਹੋਈਆਂ ਸਨ। ਅਸੀਂ ਸੱਚ ਬੋਲ ਰਹੇ ਹਾਂ।" ਸਾਡੇ ਵਿੱਚੋਂ ਕੋਈ ਵੀ ਹਰੇਕ ਚੀਜ਼ ਬਾਰੇ ਸਚਿਆਈ ਨੂੰ ਨਹੀਂ ਜਾਣਦਾ। ਅਸੀਂ ਨਿਸ਼ਚਤ ਤੌਰ ਤੇ ਪਰਮੇਸ਼ੁਰ ਬਾਰੇ ਪੂਰੀ ਸਚਿਆਈ ਨਹੀਂ ਜਾਣਦੇ। ਫਿਰ ਵੀ, ਕੁਝ ਗੱਲਾਂ ਹਨ ਜਿਨ੍ਹਾਂ ਦਾ ਅਸੀਂ ਅਸਲ ਵਿਚ ਸਚਿਆਈ ਵਜੋਂ ਪਤਾ ਲਗਾ ਸਕਦੇ ਹਾਂ। ਬਾਈਬਲ ਪਰਮੇਸ਼ੁਰ ਦਾ ਵਚਨ ਹੈ। ਉਹ ਸਚਿਆਈ ਹੈ। ਯਿਸੂ ਨਾਸਰੀ ਮਸੀਹ ਸੀ ਅਤੇ ਹੈ। ਇਹ ਸਚਿਆਈ ਹੈ। ਸਚਿਆਈ ਇਹ ਹੈ ਕਿ ਪਰਮੇਸ਼ੁਰ ਆਪਣੇ ਸੁਰਗੀ ਨਿਵਾਸ ਨੂੰ ਛੱਡ ਕੇ ਧਰਤੀ ਉੱਤੇ ਆਇਆ। ਯਿਸੂ ਨਾਸਰੀ ਨੇ ਮਨੁੱਖਾਂ ਵਿਚ ਵਾਸ ਕੀਤਾ ਅਤੇ ਉਨ੍ਹਾਂ ਨੂੰ ਛੁਟਕਾਰਾ ਦਿੱਤਾ।

2. *ਸਚਿਆਈ ਤੇ ਨਾ ਸਿਰਫ ਵਿਸ਼ਵਾਸ ਕਰਨਾ ਹੈ, ਇਸ ਦਾ ਪਾਲਣ ਵੀ ਕਰਨਾ ਹੈ।* ਅਸੀਂ ਜਾਣ ਸਕਦੇ ਹਾਂ ਕਿ ਸਾਨੂੰ ਬਚਣ ਲਈ ਕੀ ਕਰਨ ਦੀ ਲੋੜ ਹੈ। ਅਸੀਂ ਜਾਣ ਸਕਦੇ ਹਾਂ ਕਿ ਕਿਸ ਪ੍ਰਕਾਰ ਦੇ ਜੀਵਨ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਜੀਵੀਏ। ਸਚਿਆਈ ਮਨ

ਨਾਲ ਸਮਝੀ ਜਾਂਦੀ ਹੈ, ਪਰ ਸਚਿਆਈ ਸਿਧਾਂਤ ਨਾਲੋਂ ਵੱਧ ਕੇ ਹੈ। ਸਚਿਆਈ ਉਸ ਵਿਚ ਪੂਰੀ ਹੁੰਦੀ ਹੈ ਜੋ ਲੋਕ ਕਰਦੇ ਹਨ। ਪੌਲੁਸ ਨੇ ਲਿਖਿਆ,

> ਉਹ [ਪਰਮੇਸ਼ੁਰ] ਹਰੇਕ ਨੂੰ ਉਹ ਦੀਆ ਕਰਨੀਆਂ ਦੇ ਅਨੁਸਾਰ ਫਲ ਦੇਵੇਗਾ। ਜਿਹੜੇ ਸ਼ੁਭ ਕਰਮਾਂ ਵਿੱਚ ਦ੍ਰਿੜ੍ਹ ਹੋ ਕੇ ਮਹਿਮਾ, ਆਦਰ ਅਤੇ ਅਬਨਾਸ਼ ਨੂੰ ਭਾਲਦੇ ਹਨ ਉਹ ਉਨ੍ਹਾਂ ਨੂੰ ਸਦੀਪਕ ਜੀਵਨ ਦੇਵੇਗਾ। ਪਰ ਜਿਹੜੇ ਆਕੀ ਹਨ ਅਰ ਸਤ ਨੂੰ ਨਹੀ ਮੰਨਦੇ ਸਗੋਂ ਕੁਧਰਮ ਨੂੰ ਮੰਨਦੇ ਹਨ ਉਨ੍ਹਾਂ ਉੱਤੇ ਗੁੱਸਾ ਅਤੇ ਕ੍ਰੋਧ ਹੋਵੇਗਾ (ਰੋਮੀਆਂ 2:6–8)।

ਇਕ ਹੋਰ ਥਾਂ ਤੇ ਇਸੇ ਰਸੂਲ ਨੇ ਲਿਖਿਆ, "ਤੁਸੀਂ ਤਾਂ ਚੰਗੀ ਤਰਾਂ ਦੌੜਦੇ ਸਾਓ। ਕਿਹ ਨੇ ਤੁਹਾਨੂੰ ਡੱਕ ਦਿੱਤਾ ਭਈ ਤੁਸੀਂ ਸਚਿਆਈ ਨੂੰ ਨਾ ਮੰਨੋ" (5:7)। ਸਚਿਆਈ ਕੋਈ ਇਹੋ ਜਿਹੀ ਚੀਜ਼ ਨਹੀਂ ਹੈ ਕਿ ਇਸ ਨੂੰ ਮੰਨ ਕੇ ਫਿਰ ਅਣਦੇਖਾ ਕਰ ਦਿੱਤਾ ਜਾਵੇ। ਸਚਿਆਈਆਂ ਮੰਨਣ ਦੇ ਲਈ ਹਨ।

ਪਤਰਸ ਨੇ ਇਹ ਸਪੱਸ਼ਟ ਕੀਤਾ ਕਿ ਇਸ ਪੱਤ੍ਰੀ ਨੂੰ ਲਿਖਣ ਦੇ ਉਸ ਦੇ ਪ੍ਰਮੁੱਖ ਉਦੇਸ਼ਾਂ ਵਿੱਚੋਂ ਇਕ ਉਦੇਸ਼ ਆਪਣੇ ਪਾਠਕਾਂ ਨੂੰ ਉਸ ਸਚਿਆਈ ਬਾਰੇ ਚੇਤੇ ਕਰਾਉਣਾ ਸੀ ਜੋ ਪਰਮੇਸ਼ੁਰ ਨੇ ਉਸ ਉੱਤੇ ਪਰਗਟ ਕੀਤੀ ਸੀ। ਉਸ ਨੇ ਬੀਤੇ ਸਮੇਂ ਵਿਚ ਉਨ੍ਹਾਂ ਨੂੰ ਸਚਿਆਈ ਦਾ ਪ੍ਰਚਾਰ ਕੀਤਾ ਸੀ। ਹੁਣ ਉਹ ਇਸ ਨੂੰ ਉਨ੍ਹਾਂ ਦੇ ਮਨਾਂ ਵਿਚ ਮਜ਼ਬੂਤ ਕਰਨਾ ਚਾਹੁੰਦਾ ਸੀ। "ਪਰ ਮੈਂ ਇਹ ਜੋਗ ਸਮਝਦਾ ਹਾਂ ਭਈ ਜਿੰਨਾ ਚਿਰ ਮੈਂ ਇਸ ਤੰਬੂ ਵਿੱਚ ਹਾਂ ਮੈਂ ਤੁਹਾਨੂੰ ਚੇਤੇ ਕਰਾ ਕਰਾ ਕੇ ਪਰੇਰਦਾ ਰਹਾਂ" (2 ਪਤਰਸ 1:13)। ਅੱਗੇ ਜਾ ਕੇ ਉਹ ਲਿਖੇਗਾ "ਹੇ ਪਿਆਰਿਓ, ਹੁਣ ਇਹ ਦੂਜੀ ਪੱਤ੍ਰੀ ਮੈਂ ਤੁਹਾਨੂੰ ਲਿਖਦਾ ਹਾਂ ਅਤੇ ਦੋਹਾਂ ਵਿੱਚ ਤੁਹਾਨੂੰ ਚੇਤੇ ਕਰਾ ਕੇ ਤੁਹਾਡੇ ਸਾਫ਼ ਚਿੱਤਾਂ ਨੂੰ ਪਰੇਰਦਾ ਹਾਂ" (2 ਪਤਰਸ 3:1)।

ਬਾਹਰ ਵਿਦੇਸ਼ਾਂ ਵਿਚ ਇਕ ਮੱਤ ਹੈ ਕਿ ਕਲੀਸੀਆ ਨੂੰ ਲੋਕਾਂ ਨੂੰ ਉਤੇਜਿਤ ਕਰਨ ਅਤੇ ਉਨ੍ਹਾਂ ਅੰਦਰ ਦਿਲਚਸਪੀ ਪੈਦਾ ਕਰਨ ਲਈ ਨਵੀਆਂ-ਨਵੀਆਂ ਗੱਲਾਂ ਪੇਸ਼ ਕਰਨੀਆਂ ਕਰਨੀਆਂ ਚਾਹੀਦੀਆਂ ਹਨ। ਇਹ ਸੱਚ ਹੈ ਕਿ ਕੁਝ ਲੋਕ ਅਥੇਨੀ ਲੋਕਾਂ ਵਰਗੇ ਹਨ ਜਿਹੜੇ ਸਿਰਫ ਨਵੀਆਂ-ਨਵੀਆਂ ਗੱਲਾਂ ਸੁਣਨ ਅਤੇ ਸੁਣਾਉਣ ਲਈ ਜੀਉਂਦੇ ਹਨ (ਰਸੂਲਾਂ ਦੇ ਕਰਤੱਬ 17:21)। ਨਵੀਆਂ ਗੱਲਾਂ ਆਕਰਸ਼ਕ ਹੁੰਦੀਆਂ ਹਨ, ਪਰ ਉਹ ਲੋਕ ਜਿਨ੍ਹਾਂ ਅੰਦਰ ਨਿੱਤ ਬਦਲਦੇ ਰਹਿਣ ਦੀ ਭੁੱਖ ਹੁੰਦੀ ਹੈ ਸੰਭਵ ਤੌਰ ਤੇ ਕਿਸੇ ਵੀ ਚੀਜ਼ ਨਾਲ ਜ਼ਿਆਦਾ ਦੇਰ ਤੱਕ ਸੰਤੁਸ਼ਟ ਨਹੀਂ ਰਹਿੰਦੇ। ਪਰਮੇਸ਼ੁਰ ਦੇ ਲੋਕਾਂ ਦੀ ਸਿੱਖਿਆ ਅਤੇ ਵਿਹਾਰ ਨੂੰ ਦਿਲਚਸਪ ਹੋਣ ਲਈ ਨਵਾਂ ਬਣਨ ਦੀ ਲੋੜ ਨਹੀਂ ਹੈ। ਪੁਰਾਣਾ ਸੰਦੇਸ਼ ਦਿਲਚਸਪੀ ਤੋਂ ਬਿਨਾਂ ਨਹੀਂ ਹੈ ਜਦੋਂ ਸਿੱਧੇ ਤੌਰ ਤੇ ਇਸ ਦਾ ਸੰਬੰਧ ਵਿਅਕਤੀ ਅਤੇ ਆਸਾਂ ਅਤੇ ਡਰਾਂ ਨਾਲ ਹੁੰਦਾ ਹੈ। ਮੇਰਾ ਇਕ ਪੁਰਾਣਾ ਮਿੱਤਰ ਹੈ। ਮੈਂ ਹਾਈ ਸਕੂਲ ਵਿਚ ਉਸ ਦੇ ਨਾਲ ਹੀ ਵੱਡਾ ਹੋਇਆ ਹਾਂ। ਅਸੀਂ ਦੋਵੇਂ ਇਕੱਠੇ ਡੇਟ ਤੇ ਜਾਂਦੇ ਸੀ ਅਤੇ ਇਹੋ ਜਿਹੀਆਂ ਮੂਰਖਤਾ ਵਾਲੀਆਂ ਗੱਲਾਂ ਕਰਦੇ ਸੀ ਜੋ ਨੌਜਵਾਨ ਕਰਦੇ ਹਨ। ਜਦੋਂ ਅਸੀਂ ਇਕੱਠੇ ਹੁੰਦੇ ਸੀ, ਅਸੀਂ ਉਨ੍ਹਾਂ ਗੱਲਾਂ ਬਾਰੇ ਗੱਲਬਾਤ ਕਰਦੇ ਸੀ। ਉਹ ਸਾਡੇ ਸਾਂਝੇ ਇਤਹਾਸ ਦਾ ਇਕ ਹਿੱਸਾ ਹਨ। ਉਹ ਅਨੁਭਵ ਜੋ ਅਸੀਂ ਸਾਂਝੇ ਤੌਰ ਕੀਤੇ ਹਨ ਸਾਡੇ ਲਈ ਅਕਾਊ ਨਹੀਂ ਹਨ। ਸਾਨੂੰ ਇਕੱਠੇ ਮਿਲ ਕੇ ਆਪਣੇ ਸਮੇਂ ਦਾ ਅਨੰਦ ਮਾਣਨ ਲਈ ਕਿਸੇ ਨਵੀਂ ਚੀਜ਼ ਦੀ ਲੋੜ ਨਹੀਂ ਹੈ।

ਮਸੀਹੀ ਲੋਕ ਇਕ ਸਾਂਝੇ ਪਰਿਵਾਰ ਵਿਚ ਸ਼ਾਮਲ ਹੁੰਦੇ ਹਨ। ਅਬਰਾਹਾਮ ਵਿਸ਼ਵਾਸੀਆਂ ਦਾ ਪਿਤਾ ਹੈ। ਮੂਸਾ ਇਸਰਾਏਲ ਨੂੰ ਸ਼ਰਾ ਦੇਣ ਵਾਲਾ ਸੀ। ਦਾਊਦ ਰਾਜਾ ਸੀ;

ਯਸਾਯਾਹ ਅਤੇ ਯਿਰਮਿਯਾਹ ਉਨ੍ਹਾਂ ਦੇ ਨਬੀ ਸਨ। ਕਹਾਣੀ ਦਾ ਨਤੀਜਾ ਇਹ ਸਚਿਆਈ ਹੈ ਕਿ ਯਿਸੂ ਪ੍ਰਭੂ ਹੈ। ਜਦੋਂ ਮਸੀਹੀ ਲੋਕ ਇਕੱਠੇ ਹੁੰਦੇ ਹਨ ਉਹ ਉਨ੍ਹਾਂ ਚੀਜ਼ਾਂ ਬਾਰੇ ਗੱਲਬਾਤ ਕਰਦੇ ਹਨ ਜੋ ਉਨ੍ਹਾਂ ਦੇ ਸਾਂਝੇ ਇਤਹਾਸ ਦਾ ਹਿੱਸਾ ਹਨ। ਉਨ੍ਹਾਂ ਦੇ ਪਿਤਾਵਾਂ ਦੇ ਅਨੁਭਵਾਂ ਨੇ ਉਨ੍ਹਾਂ ਨੂੰ ਵਫ਼ਾਦਾਰੀ ਦੇ ਲਈ ਪ੍ਰੋਤਸਾਹਿਤ ਕੀਤਾ। ਯਿਸੂ ਦਾ ਜੀਵਨ ਇਤਹਾਸ ਅਤੇ ਪੌਲੁਸ ਦਾ ਪ੍ਰਚਾਰ ਵਿਸ਼ਵਾਸੀਆਂ ਨੂੰ ਦੱਸਦਾ ਹੈ ਕਿ ਕਿਵੇਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਬਚਾਇਆ ਹੈ। ਉਹ ਪੂਰੇ ਭਰੋਸੇ ਨਾਲ ਯਿਸੂ ਦੇ ਦੁਬਾਰਾ ਆਉਣ ਦੀ ਉਡੀਕ ਕਰਦੇ ਹਨ। ਪ੍ਰਚਾਰਕ ਇਹ ਕਲਪਨਾ ਕਰਨ ਦੀ ਮਾੜੀ ਆਦਤ ਵਿਚ ਪੈ ਸਕਦੇ ਹਨ ਕਿ ਉਨ੍ਹਾਂ ਨੂੰ ਲੋਕਾਂ ਦਾ ਧਿਆਨ ਆਪਣੀ ਵੱਲ ਖਿੱਚਣ ਲਈ ਅਤੇ ਆਪਣੇ ਵੱਲ ਧਿਆਨ ਲਾਈ ਰੱਖਣ ਲਈ ਕੁਝ ਨਵਾਂ ਜਾਂ ਪ੍ਰਭਾਵਸ਼ਾਲੀ ਕਰਨਾ ਪਵੇਗਾ। ਨਵੀਆਂ ਚੀਜ਼ਾਂ ਛੇਤੀ ਪੁਰਾਣੀਆਂ ਹੋ ਜਾਂਦੀਆਂ ਹਨ; ਪਰ ਸਾਡੀ ਸਾਂਝੀ ਕਹਾਣੀ ਕਦੇ ਪੁਰਾਣੀ ਨਹੀਂ ਹੁੰਦੀ। ਇਹ ਸਾਨੂੰ ਦੱਸਦੀ ਹੈ ਕਿ ਅਸੀਂ ਕੌਣ ਹਾਂ। ਮਸੀਹੀ ਸਿੱਖਿਆ ਅਤੇ ਮਸੀਹੀ ਜੀਵਨ ਦੀ ਨੀਂਹ ਸਚਿਆਈ ਵਿਚ ਪੱਕੀ ਕੀਤੀ ਗਈ ਹੈ।

3. *ਸਚਿਆਈ ਪਰਮੇਸ਼ੁਰ ਦੇ ਲੋਕਾਂ ਨੂੰ ਮੌਤ ਅਤੇ ਆਉਣ ਵਾਲੇ ਯੁੱਗ ਲਈ ਤਿਆਰ ਕਰਦੀ ਹੈ।* ਪਤਰਸ ਨੂੰ ਉਹ ਚੇਤੇ ਸੀ ਜੋ ਪ੍ਰਭੂ ਨੇ ਉਸ ਨੂੰ ਕਿਹਾ ਸੀ। ਤਸੱਲੀ ਅਤੇ ਭਰੋਸੇ ਨਾਲ ਆਪਣੇ ਆਪ ਨੂੰ ਸਚਿਆਈ ਅਤੇ ਯਾਦਗਾਰੀ ਵਿਚ ਵਲ੍ਹੇਟਦੇ ਹੋਏ, ਰਸੂਲ ਨੇ ਆਪਣੀ ਆਉਣ ਵਾਲੀ ਮੌਤ ਬਾਰੇ ਗੱਲ ਕੀਤੀ। ਉਸ ਨੇ ਲਿਖਿਆ, ". . . ਮੈਂ ਜਾਣਦਾ ਹਾਂ ਭਈ ਮੇਰੇ ਤੰਬੂ ਦੇ ਪੁੱਟੇ ਜਾਣ ਦਾ ਵੇਲਾ ਨੇੜੇ ਆ ਪੁੱਜਿਆ ਹੈ ਜਿਵੇਂ ਸਾਡੇ ਪ੍ਰਭੂ ਯਿਸੂ ਮਸੀਹ ਨੇ ਮੈਨੂੰ ਪਤਾ ਵੀ ਦਿੱਤਾ ਸੀ" (2 ਪਤਰਸ 1:14)।

ਪਰਤੱਖ ਰੂਪ ਵਿਚ ਰਸੂਲ ਨੇ ਉਸ ਘਟਨਾ ਦਾ ਹਵਾਲਾ ਦਿੱਤਾ ਸੀ ਜੋ ਯੂਹੰਨਾ 21 ਵਿਚ ਲਿਖੀ ਹੋਈ ਹੈ। ਯਿਸੂ ਨੇ ਸਲੀਬ ਉੱਤੇ ਚੜ੍ਹਾਇਆ ਗਿਆ ਸੀ। ਪਤਰਸ ਅਤੇ ਬਾਕੀ ਸਾਰੇ ਰਸੂਲ ਵਾਪਸ ਗਲੀਲ ਦੀ ਝੀਲ ਵੱਲ ਨੂੰ ਚਲੇ ਗਏ ਅਤੇ ਮੱਛੀਆਂ ਫੜਨ ਦੇ ਆਪਣੇ ਪੁਰਾਣੇ ਕੰਮ ਧੰਦੇ ਵਿਚ ਲੱਗ ਗਏ। ਯਿਸੂ ਉਨ੍ਹਾਂ ਦੇ ਕੋਲ ਪਰਗਟ ਹੋਇਆ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਸੀ। ਉਸ ਨੇ ਪਤਰਸ ਨਾਲ ਉਸ ਦੀ ਆਉਣ ਵਾਲੀ ਮੌਤ ਬਾਰੇ ਨਿੱਜੀ ਤੌਰ ਤੇ ਗੱਲ ਕੀਤੀ ਸੀ। ਯੂਹੰਨਾ 21:18, 19 ਆਇਤਾਂ ਕਹਿੰਦੀਆਂ ਹਨ,

> ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਜਾਂ ਤੂੰ ਜੁਆਨ ਸੈਂ ਤਾਂ ਆਪਣਾ ਲੱਕ ਬੰਨ੍ਹ ਕੇ ਜਿੱਥੇ ਤੇਰਾ ਜੀ ਕਰਦਾ ਸੀ ਤੂੰ ਉੱਥੇ ਜਾਂਦਾ ਸੈਂ। ਪਰ ਜਾਂ ਤੂੰ ਬੁੱਢਾ ਹੋਵੇਂਗਾ ਤਾਂ ਆਪਣੇ ਹੱਥ ਲੰਮੇ ਕਰੇਂਗਾ ਅਤੇ ਕੋਈ ਹੋਰ ਤੇਰਾ ਲੱਕ ਬੰਨ੍ਹੇਗਾ ਅਰ ਜਿੱਥੇ ਤੇਰਾ ਜੀ ਨਾ ਕਰੇ ਉੱਥੇ ਤੈਨੂੰ ਲੈ ਜਾਵੇਗਾ। ਉਸ ਨੇ ਇਹ ਗੱਲ ਇਸ ਲਈ ਆਖੀ ਭਈ ਪਤਾ ਦੇਵੇ ਜੋ ਉਹ ਕਿਹੜੀ ਮੌਤ ਨਾਲ ਪਰਮੇਸ਼ੁਰ ਦੀ ਵਡਿਆਈ ਕਰੇਗਾ।

ਕਿਹਾ ਜਾਂਦਾ ਹੈ ਕਿ ਅਮਰੀਕਾ ਦੇ ਲੋਕਾਂ ਦੇ ਜੀਵਨ ਵਿਚ, ਯੌਨ ਕਿਰਿਆ ਨੇ ਵਰਜਿਤ ਵਿਸ਼ੇ ਵਜੋਂ ਮੌਤ ਦਾ ਸਥਾਨ ਲੈ ਲਿਆ ਹੈ। ਇਹ ਗੱਲ ਸੱਚ ਜਾਪਦੀ ਹੈ। ਯੌਨ ਕਿਰਿਆ ਦੇ ਵਿਸ਼ੇ ਨੂੰ ਐਲੀਮੈਂਟਰੀ ਸਕੂਲ ਵਿਚ ਆਰੰਭ ਕਰ ਦਿੱਤਾ ਗਿਆ ਹੈ, ਪਰ ਮੌਤ ਦਾ ਜ਼ਿਕਰ ਕਿਤੇ ਵੀ ਨਹੀਂ ਆਉਂਦਾ। ਇਹ ਦਿਲਚਸਪ ਹੈ ਕਿ ਮੌਤ ਦੇ ਦਸਤੂਰ ਕਿਵੇਂ ਬਦਲ ਗਏ ਹਨ। ਅੱਜ ਤੋਂ ਪਝੱਤਰ ਸਾਲ ਪਹਿਲਾਂ, ਜਦੋਂ ਕੋਈ ਮਰ ਜਾਂਦਾ ਸੀ ਤਾਂ ਉਸ ਦੀ ਮ੍ਰਿਤਕ ਦੇਹ ਨੂੰ ਪੰਜ ਤੋਂ ਸੱਤ ਦਿਨ ਤੱਕ ਘਰ ਵਿਚ ਰੱਖਿਆ ਜਾਂਦਾ ਸੀ। ਗੁਆਂਢੀ ਸੋਗ ਮਨਾਉਣ ਲਈ ਆਉਂਦੇ ਸਨ। ਫਿਰ ਇਸ ਨੂੰ ਕੁਝ ਦਿਨਾਂ ਲਈ ਜਨਾਜ਼ਾ ਘਰ ਤੱਕ ਹੀ ਮੁਲਾਕਾਤ ਕਰਕੇ ਸੋਗ

ਕਰਨ ਵਿਚ ਤਬਦੀਲ ਕਰ ਦਿੱਤਾ ਗਿਆ। ਹੁਣ ਸੋਗ ਲਈ ਮੁਲਾਕਾਤ ਦੇ ਦਿਨ ਵੀ ਘੱਟ ਕਰ ਦਿੱਤੇ ਗਏ ਹਨ। ਅੱਜ ਕੱਲ ਤਾਂ ਪਰਿਵਾਰ ਨਾਲ ਸਿਰਫ ਇਕ ਦਿਨ ਵਿਚ ਹੀ ਮੁਲਾਕਾਤ ਕਰਕੇ ਸੋਗ ਮਨਾ ਲਿਆ ਜਾਂਦਾ ਹੈ ਅਤੇ ਅਕਸਰ ਇਸ ਦੇ ਲਈ ਵੀ ਬਹੁਤ ਘੱਟ ਸਮਾਂ ਹੁੰਦਾ ਹੈ। ਜਨਾਜ਼ੇ ਬਦਲ ਚੁੱਕੇ ਹਨ। ਦਾਹ ਸੰਸਕਾਰ ਆਮ ਹੋ ਗਏ ਹਨ। ਯਾਦਗਾਰੀ ਸਭਾ ਵੀ ਅਕਸਰ ਪੁਨਰ ਵਿਚਾਰ ਕਰਨ ਦੇ ਗੰਭੀਰ ਸਮੇਂ ਦੀ ਬਜਾਇ "ਠੱਠਾ ਕਰਨ" ਵਾਲੀ ਸਭਾ ਬਣ ਗਈ ਹੈ। ਕੋਈ ਸਿਰਫ ਹੈਰਾਨ ਹੀ ਹੋ ਸਕਦਾ ਹੈ ਕਿ ਇਹ ਉਸ ਤਰੀਕੇ ਬਾਰੇ ਕੀ ਕਹਿੰਦੀ ਹੈ ਜਿਸ ਤਰੀਕੇ ਨਾਲ ਅਸੀਂ ਮੌਤ ਨੂੰ ਸਮਝਦੇ ਹਾਂ। ਜਦੋਂ ਕੋਈ ਮਰਦਾ ਹੈ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਅਸੀਂ ਜਿੰਨਾ ਛੇਤੀ ਸੰਭਵ ਹੋ ਸਕੇ ਉਸ ਨੂੰ ਭੁੱਲਣਾ ਚਾਹੁੰਦੇ ਹਾਂ। ਅਸੀਂ ਮੌਤ ਦੀ ਚਰਚਾ ਨਹੀਂ ਕਰਨਾ ਚਾਹੁੰਦੇ। ਪਤਰਸ ਨੇ ਆਪਣੇ ਪਾਠਕਾਂ ਨੂੰ ਮੌਤ ਦੀ ਸਚਿਆਈ ਦਾ ਸਾਹਮਣਾ ਕਰਨ ਲਈ ਕਿਹਾ।

ਪਤਰਸ ਨੇ ਆਪਣੇ ਕੂਚ ਦੀ ਗੱਲ ਕੀਤੀ ਸਪੱਸ਼ਟ ਤੌਰ ਤੇ ਬਿਨਾਂ ਕਿਸੇ ਦੁੱਖ, ਨਿਸ਼ਚਤ ਤੌਰ ਤੇ ਬਿਨਾਂ ਕਿਸੇ ਡਰ ਤੋਂ। ਮੌਤ ਜੀਵਨ ਦਾ ਇਕ ਸੁਭਾਵਕ ਅੰਗ ਹੈ। ਇਸੇ ਤਰੀਕੇ ਨਾਲ ਪਰਮੇਸ਼ੁਰ ਨੇ ਸਾਨੂੰ ਬਣਾਇਆ ਹੈ। ਸਿਰਫ ਲੋਕ ਹੀ ਜੀਉਂਦੇ ਪ੍ਰਾਣੀ ਨਹੀਂ ਹਨ ਜੋ ਮਰਦੇ ਹਨ। ਕੁੱਤੇ ਅਤੇ ਭੇਡਾਂ ਅਤੇ ਹਿਰਨ ਹਰ ਕਿਸਮ ਦੀਆਂ ਚੀਜ਼ਾਂ ਮਰਦੀਆਂ ਹਨ। ਇਕ ਸਵਾਲ ਜੋ ਮਨੁੱਖਜਾਤੀ ਦੇ ਮਨ ਵਿਚ ਆਉਂਦਾ ਰਹਿੰਦਾ ਹੈ ਉਹ ਇਹ ਹੈ ਕਿ ਕੀ ਇਕ ਵਿਅਕਤੀ ਦੀ ਮੌਤ ਵੀ ਇਕ ਕਾਂ ਜਾਂ ਇਕ ਘੋੜੇ ਦੀ ਮੌਤ ਵਰਗੀ ਹੀ ਹੁੰਦੀ ਹੈ। ਜਦੋਂ ਲੋਕ ਮਰਦੇ ਹਨ, ਕੀ ਉਨ੍ਹਾਂ ਦੀ ਹੋਂਦ ਖਤਮ ਹੋ ਜਾਂਦੀ ਹੈ? ਸਮੇਂ ਵਿੱਚੋਂ, ਸਾਡੇ ਆਪਣੇ ਸਰੋਤਾਂ ਤੋਂ ਇਲਾਵਾ ਕੁਝ ਵੀ ਉਪਲਬਧ ਨਹੀਂ ਹੈ, ਇਸ ਸਵਾਲ ਦਾ ਜਵਾਬ ਨਹੀਂ ਹੈ। ਪਰਮੇਸ਼ੁਰ ਨੂੰ ਬੋਲਣਾ ਪਵੇਗਾ ਜੇਕਰ ਅਸੀਂ ਮੌਤ ਬਾਰੇ ਕੋਈ ਸਚਿਆਈ ਜਾਣਨੀ ਹੈ। ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲ ਕੇ, ਉਸ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਜਦੋਂ ਇਕ ਵਿਅਕਤੀ ਮਰਦਾ ਹੈ, ਉਸ ਦੀ ਮੌਤ ਜਾਨਵਰ ਦੀ ਮੌਤ ਵਾਂਗ ਨਹੀਂ ਹੁੰਦੀ ਹੈ। ਮਰਦ ਅਤੇ ਔਰਤਾਂ ਹਮੇਸ਼ਾ-ਹਮੇਸ਼ਾ ਦੇ ਲਈ ਜ਼ਿੰਦਾ ਰਹਿਣਗੇ। ਇਸ ਸੰਸਾਰ ਤੋਂ ਅੱਗੇ ਵੀ ਜੀਵਨ ਚੱਲਦਾ ਰਹਿੰਦਾ ਹੈ। ਇਹੋ ਸਚਿਆਈ ਹੈ।

*ਸਿੱਟਾ।* ਬਾਈਬਲ ਸਾਰੇ ਯੁੱਗਾਂ ਦੇ ਲੋਕਾਂ ਅਤੇ ਉਸ ਸਚਿਆਈ ਵਿਚ ਇਕ ਠੋਸ ਕੜੀ ਹੈ ਜੋ ਪਰਮੇਸ਼ੁਰ ਨੇ ਪਰਗਟ ਕੀਤੀ ਹੈ। ਸਚਿਆਈ ਜਾਣਨਯੋਗ ਹੈ। ਸਚਿਆਈ ਮੰਨਣ ਲਈ ਹੈ। ਇਹ ਸਚਿਆਈ ਹੈ ਕਿ ਇਸ ਸੰਸਾਰ ਦੇ ਅੰਤ ਵਿਚ ਲੇਖਾ ਦੇਣਾ ਪਵੇਗਾ। ਯਿਸੂ ਨਿਆਂ ਕਰਨ ਦੇ ਲਈ ਦੁਬਾਰਾ ਆਵੇਗਾ।

### ਪ੍ਰੇਰਣਾ (1:20, 21)

ਕਈ ਮੁਸ਼ਕਲ ਸਵਾਲਾਂ ਦਾ ਹੱਲ ਕੱਢਣਾ ਪੈਂਦਾ ਹੈ ਜਦੋਂ ਵਿਸ਼ਵਾਸੀ ਦਾਅਵਾ ਕਰਦੇ ਹਨ ਕਿ ਬਾਈਬਲ ਪਰਮੇਸ਼ੁਰ ਦੀ ਪ੍ਰੇਰਣਾ ਦੁਆਰਾ ਲਿਖੀ ਗਈ ਹੈ। ਪ੍ਰੇਰਣਾ ਕਿਵੇਂ ਕੰਮ ਕਰਦੀ ਹੈ? ਕੀ ਪਵਿੱਤਰ ਆਤਮਾ ਵਿਅਕਤੀ ਦੇ ਮਨ ਤੇ ਕਬਜ਼ਾ ਕਰ ਲੈਂਦਾ ਹੈ ਅਤੇ ਉਸ ਦੇ ਰਾਹੀਂ ਇਕ ਸੰਦੇਸ਼ ਲਿਖਵਾਉਂਦਾ ਹੈ? ਕੀ ਲੇਖਕ ਇਕ ਮਸ਼ੀਨੀ ਯੰਤਰ ਹੈ ਜੋ ਆਤਮਾ ਦੁਆਰਾ ਵਰਤਿਆ ਜਾਂਦਾ ਹੈ? ਕਿਵੇਂ ਪ੍ਰਰਿਤ ਲੇਖਕ ਦੀ ਆਪਣੀ ਯਾਦਦਾਸ਼ਤ, ਸ਼ਬਦਾਵਲੀ ਅਤੇ ਅਨੁਭਵ ਇਸ ਤਸਵੀਰ ਵਿਚ ਦਾਖ਼ਲ ਹੁੰਦੇ ਹਨ?

ਜੌਨ ਸਟੌਟ ਨੇ ਇਸ ਵਿਸ਼ੇ ਤੇ ਦਿਲਚਸਪ ਚਰਚਾ ਕੀਤੀ ਹੈ।[12] ਉਸ ਨੇ ਦੱਸਿਆ ਹੈ ਕਿ ਮਸੀਹੀ ਨਿਹਚਾ ਦੇ ਵੱਡੇ-ਵੱਡੇ ਕੋਈ ਵੀ ਦਾਅਵੇ ਬਗੈਰ ਮੁਸ਼ਕਲ ਨਹੀਂ ਹਨ। ਕਲੀਸੀਆ ਦੀ

ਸਮੁੱਚੀ ਸਿੱਖਿਆ ਭੇਤ ਦੇ ਇਰਦ-ਗਿਰਦ ਘੁੰਮਦੀ ਹੈ। ਇਹ ਕਹਿਣਾ ਸੌਖਾ ਨਹੀਂ ਹੈ ਕਿ ਪਰਮੇਸ਼ੁਰ ਸੰਸਾਰ ਦਾ ਪ੍ਰਭੂ ਹੈ, ਉਹ ਰਚਨਹਾਰ ਹੈ, ਜਾਂ ਉਹ ਮੁਕਤੀਦਾਤਾ ਹੈ। ਸਾਨੂੰ ਉਸ ਦੀ ਸਰਬ-ਗਿਆਨਤਾ ਨੂੰ ਸਮਝਣ ਵਿਚ ਮੁਸ਼ਕਲ ਹੁੰਦੀ ਹੈ। ਇਹ ਸਮਝਣਾ ਸੌਖਾ ਨਹੀਂ ਹੈ ਕਿ ਕਿਵੇਂ ਪਰਮੇਸ਼ੁਰ ਆਪਣੀ ਰਚਨਾ ਦੇ ਲਈ ਇਕ ਪ੍ਰੇਮੀ ਪਿਤਾ ਹੋਣ ਦੇ ਨਾਲ-ਨਾਲ ਮਨੁੱਖਜਾਤੀ ਦਾ ਨਿਆਂ ਕਰਨ ਵਾਲਾ ਵੀ ਹੋ ਸਕਦਾ ਹੈ। ਮਸੀਹੀ ਲੋਕ ਪਰਮੇਸ਼ੁਰ ਦੇ ਸਾਰੇ ਰਾਹਾਂ ਨੂੰ ਸਮਝੇ ਬਗੈਰ ਨਿਹਚਾ ਦਾ ਇਕਰਾਰ ਕਰਦੇ ਹਨ। ਜੇਕਰ ਉਹ ਤਦ ਤੱਕ ਉਡੀਕ ਕਰਦੇ ਰਹਿੰਦੇ ਜਦੋਂ ਤੱਕ ਉਨ੍ਹਾਂ ਨੂੰ ਉਨ੍ਹਾਂ ਦੁਆਰਾ ਪੁੱਛੇ ਗਏ ਹਰ ਸਵਾਲ ਦਾ ਜਵਾਬ ਨਹੀਂ ਮਿਲ ਜਾਂਦਾ ਤਾਂ ਕੋਈ ਵੀ ਵਿਸ਼ਵਾਸ ਨਾ ਕਰਦਾ। ਵਿਸ਼ਵਾਸ ਕਰਨ ਲਈ ਸਾਨੂੰ ਜਿੰਨਾ ਜਾਣਨ ਦੀ ਲੋੜ ਹੈ ਉੱਨਾ ਤਾਂ ਅਸੀਂ ਜਾਣਦੇ ਹੀ ਹਾਂ। ਮਸੀਹੀ ਲੋਕ ਆਪਣੇ ਆਪ ਨੂੰ ਯਿਸੂ ਨਾਸਰੀ ਨੂੰ ਸੌਂਪਣ ਲਈ ਤਦ ਤੱਕ ਉਡੀਕ ਨਹੀਂ ਕਰਦੇ ਜਦੋਂ ਤੱਕ ਉਨ੍ਹਾਂ ਦੇ ਸਾਰੇ ਸਵਾਲਾਂ ਦੇ ਜਵਾਬ ਨਹੀਂ ਮਿਲ ਜਾਂਦੇ।

ਮਸੀਹੀ ਹੋਣਾ ਯਿਸੂ ਦੇ ਵਿਅਕਤਿਤਵ ਬਾਰੇ ਇਕ ਵਿਸ਼ਵਵਿਆਪੀ ਫ਼ੈਸਲਾ ਕਰਨਾ ਹੈ। ਉਸ ਨੂੰ ਪ੍ਰਭੂ ਜਾਣ ਕੇ, ਅਸੀਂ ਉਸ ਉੱਤੇ ਭਰੋਸਾ ਕਰਦੇ ਹਾਂ। ਅਸੀਂ ਉਸ ਤੇ ਵਿਸ਼ਵਾਸ ਕਰਦੇ ਹਾਂ ਜੋ ਉਸ ਨੇ ਪਰਮੇਸ਼ੁਰ ਬਾਰੇ ਸਾਡੇ ਉੱਤੇ ਪਰਗਟ ਕੀਤਾ ਹੈ। ਹਰ ਮਹੱਤਵਪੂਰਣ ਗੱਲ ਵਿਚ, ਅਸੀਂ ਸਾਰੇ ਜਵਾਬਾਂ ਨੂੰ ਜਾਣੇ ਬਗੈਰ ਵਿਸ਼ਵਾਸ ਕਰਦੇ ਹਾਂ। ਉਸ ਸੰਬੰਧ ਵਿਚ, ਵਚਨ ਵਿਚ ਸਾਡੀ ਨਿਹਚਾ ਹੋਰ ਮਾਮਲਿਆਂ ਵਿਚ ਸਾਡੀ ਨਿਹਚਾ ਵਰਗੀ ਹੁੰਦੀ ਹੈ। ਅਸੀਂ ਪੂਰੀ ਦ੍ਰਿੜ੍ਹਤਾ ਨਾਲ ਕਹਿੰਦੇ ਹਾਂ ਕਿ ਵਚਨ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਦਿੱਤਾ ਗਿਆ ਹੈ। ਪ੍ਰੇਰਣਾ ਕੀ ਹੈ ਸਵਾਲਾਂ ਦਾ ਅਰਥ ਬਗੈਰ ਮੁਸ਼ਕਲਾਂ ਤੋਂ ਨਹੀਂ ਮਿਲਦਾ। ਫਿਰ ਵੀ, ਅਸੀਂ ਪੂਰੀ ਦ੍ਰਿੜ੍ਹਤਾ ਨਾਲ ਕਹਿੰਦੇ ਹਾਂ ਬਾਈਬਲ ਪੂਰੀ ਤਰ੍ਹਾਂ ਸੱਚੀ ਹੈ। ਇਹ ਭਰੋਸਾ ਕਰਨ ਯੋਗ ਹੈ। ਜਦ ਕਿ ਇਹ ਮਨੁੱਖਾਂ ਦੁਆਰਾ ਲਿਖੀ ਗਈ ਹੈ, ਇਹ ਪਰਕਾਸ਼ ਹੈ ਜੋ ਪਰਮੇਸ਼ੁਰ ਨੇ ਖ਼ੁਦ ਦੇ ਬਾਰੇ ਦਿੱਤਾ ਹੈ। ਇਹ ਉਸ ਦੇ ਪੁੱਤਰ ਯਿਸੂ ਮਸੀਹ ਦੀ ਸਾਖੀ ਦਿੰਦੀ ਹੈ। ਪਰਕਾਸ਼ ਦੇ ਸਾਰੇ ਭੇਤਾਂ ਨੂੰ ਜਾਣਨ ਤੋਂ ਬਿਨਾਂ, ਬਿਨਾਂ ਕਿਸੇ ਸੰਕੋਚ ਦੇ ਅਸੀਂ ਪੂਰੀ ਦ੍ਰਿੜ੍ਹਤਾ ਨਾਲ ਕਹਿੰਦੇ ਹਾਂ ਕਿ ਬਾਈਬਲ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਦਿੱਤਾ ਗਿਆ ਵਚਨ ਹੈ।

---

ਟਿੱਪਣੀਆਂ

[1]ਰਿਚਰਡ ਜੇ. ਬੁਕਹਮ ਨੇ 2 ਪਤਰਸ ਦੀ ਪੱਤ੍ਰੀ ਦੇ ਪਤਰਸ ਦੇ ਲੇਖਕ ਹੋਣ ਤੋਂ ਇਨਕਾਰ ਕੀਤਾ, ਪਰ ਉਸ ਨੇ ਇਹ ਜ਼ਰੂਰ ਮੰਨਿਆ ਕਿ ਲੇਖਕ "ਸ਼ਾਇਦ ਤੁਰੰਤ ਯਹੂਦੀ ਲੋਕਾਂ ਦੇ ਯਹੂਦੀ ਧਰਮ ਦੇ ਸਾਹਿਤ ਤੇ ਨਿਰਭਰ ਸੀ, ਜਿਸ ਨੇ ਯਹੂਦੀ ਧਰਮ ਅਤੇ ਫ਼ਿਲਾਸਫੀ ਦੀ ਸ਼ਬਦਾਵਲੀ ਨੂੰ ਪਹਿਲਾਂ ਤੋਂ ਹੀ ਅਪਨਾ ਲਿਆ ਸੀ . . ." (ਰਿਚਰਡ ਜੇ. ਬੁਕਹਮ, *ਜੂਡ, 2 ਪੀਟਰ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 50 [ਵਾਕੋ, ਟੈਕਸਾਸ: ਵਰਡ ਬੁਕਸ, 1983], 180. ਯਹੂਦੀ ਅਤੇ ਗੈਰ ਯਹੂਦੀ ਸਰੋਤਾਂ ਵਿਚ ਪਤਰਸ ਦੀ ਭਾਸ਼ਾ ਦੇ ਉਦਾਹਰਣਾਂ ਦੇ ਲਈ ਬੁਕਹਮ ਨੂੰ ਵੇਖੋ)। [2]ਐਫ. ਡਬਲਿਯੂ. ਮੈਟੌਕਸ ਅਤੇ ਜੌਨ ਮੈਕਰੇ ਨੂੰ ਇਸ ਅਇਤ ਵਿਚ ਉਨ੍ਹਾਂ ਦੀ ਕਿਤਾਬ ਦਾ ਸਿਰਲੇਖ ਮਿਲਿਆ। (ਐਫ. ਡਬਲਿਯੂ. ਮੈਟੌਕਸ ਅਤੇ ਜੌਨ ਮੈਕਰੇ, *ਦਿ ਇਟਰਨਲ ਕਿੰਗਡਮ: ਏ ਹਿਸਟਰੀ ਆਫ਼ ਦ ਚਰਚ ਆਫ਼ ਕ੍ਰਾਈਸਟ* [ਡਿਲਾਈਟ, ਆਰਕੰਸਾ: ਗੋਸਪਲ ਲਾਇਟ ਪਬਲਿਸ਼ਿੰਗ ਕੰਪਨੀ, 1961].) [3]ਫਰੈਡ ਬੀ. ਕਰੈਡੌਕ, *ਪਰੀਚਿੰਗ* (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1985), 159–63. ਕਰੈਡਰੋਕ ਨੇ ਇਹ ਵੀ ਲਿਖਿਆ, "ਵਿਦੇਸ਼ਾਂ ਵਿਚ ਪ੍ਰਚਾਰਕਾਂ ਵਿਚ ਇਹ ਮੱਤਭੇਦ ਹੈ ਕਿ ਪਰਚਲਿਤ ਦਿਲਚਸਪੀ ਤੋਂ ਬਿਨਾਂ, ਸ਼ਕਤੀ ਤੋਂ ਬਿਨਾਂ ਅਤੇ ਨਬੂਵਤੀ

ਤੀਬਰਤਾ ਤੋਂ ਬਿਨਾਂ ਹੈ” (ਸਫ਼ਾ 45)। [4]KJV ਬਾਈਬਲ ਇਸ ਆਇਤ ਵਿਚ ਇਸ ਪਠਨ ਨੂੰ ਮੰਨਦੀ ਹੈ ਜਿਸ ਦਾ ਲਿਖਤ ਬਹੁਤ ਘੱਟ ਸਮਰਥਨ ਕਰਦੀ ਹੈ, ਹਾਲਾਂਕਿ ਇਸ ਨੂੰ ਸਮਝਣਾ ਬਹੁਤ ਸੌਖਾ ਹੈ। ਇਸ ਵਿਚ ਲਿਖਿਆ ਹੈ, “ਮੈਂ ਤੁਹਾਨੂੰ ਹਮੇਸ਼ਾ ਯਾਦ ਕਰਨ ਵਿਚ ਲਾਪਰਵਾਹੀ ਨਹੀਂ ਵਰਤਾਂਗਾ।” [5]ਵੇਖੋ ਮਾਈਕਲ ਗਰੀਨ, *ਦ ਸੈਕੰਡ ਅਪਿਸਟਲ ਜਨਰਲ ਆਫ਼ ਪੀਟਰ ਐਂਡ ਦ ਜਨਰਲ ਅਪਿਸਟਲ ਆਫ਼ ਜੂਡ*, ਸੋਧਿਆ ਸੰਸਕਰਣ, ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼, ਜਿਲਦ 18 (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1987), 89. [6]ਯੂਨਾਨੀ ਸ਼ਬਦ ἔξοδος (*ਐਕਸੋਡੋਸ*) ਹੈ, ਜਿਸ ਦਾ ਜਥਾਰਥ ਰੂਪ ਵਿਚ ਅਰਥ “ਬਾਹਰ ਜਾਣਾ” ਹੈ। [7]ਯੂਸੇਬਿਉਸ *ਐਕਲੇਸਿਆਸਟੀਕਲ ਹਿਸਟਰੀ* 3.39.15. [8]ਉਪਰੋਕਤ ਅਨੁਸਾਰ, 2.15.2. [9]ਮੱਤੀ ਵਿਚ ਵਾਕ ਦੀ ਸ਼ਬਦ ਤਰਤੀਬ ਉਸੇ ਤਰ੍ਹਾਂ ਦੀ ਨਹੀਂ ਹੈ ਜਿਵੇਂ 2 ਪਤਰਸ ਵਿਚ ਹੈ। ਪੰਜਾਬੀ ਵਿਆਕਰਣ ਯੂਨਾਨੀ ਦੇ ਸ਼ਬਦ ਤਰਤੀਬ ਵਿਚ ਫ਼ਰਕ ਦੇ ਮੱਤਭੇਦ ਨੂੰ ਦੂਰ ਨਹੀਂ ਕਰਦੀ। ਇਸ ਤਰ੍ਹਾਂ ਇਹ ਅਨੁਵਾਦ ਕਿ, “ਇਹ ਮੇਰਾ ਪਿਆਰਾ ਪੁੱਤ੍ਰ ਹੈ ਜਿਸ ਤੋਂ ਮੈਂ ਪਰਸੰਨ ਹਾਂ,” ਪੰਜਾਬੀ ਅਨੁਵਾਦ ਵਿਚ ਉਸੇ ਵਿੱਚੋਂ ਆਉਂਦਾ ਹੈ। [10]NEB ਬਾਈਬਲ ਹਾਸ਼ੀਏ ਵਿਚ ਇਸ ਤਰ੍ਹਾਂ ਲਿਖਦੀ ਹੈ: “ਅਤੇ ਨਬੀਆਂ ਦੇ ਸੰਦੇਸ਼ ਵਿਚ ਸਾਡੇ ਕੋਲ ਫਿਰ ਵੀ ਇਸ ਤੋਂ ਵੱਧ ਵੀ ਕੁਝ ਨਿਸ਼ਚਤ ਹੈ।”

[11]ਪ੍ਰਸੰਗ ਵਿਚ, ਅਸੀਂ ਇਹ ਟਿੱਪਣੀ ਕਰ ਸਕਦੇ ਹਾਂ ਕਿ ਕੁਝ ਲੋਕ ਹਨ ਜਿਹੜੇ ਇਹ ਦਲੀਲ ਦੇਣ ਲਈ ਇਸ ਆਇਤ ਦਾ ਹਵਾਲਾ ਦਿੰਦੇ ਹਨ ਕਿ ਕਿਸੇ ਨੂੰ ਵਚਨ ਦੀ ਵਿਆਖਿਆ ਬਿਲਕੁਲ ਨਹੀਂ ਕਰਨੀ ਚਾਹੀਦੀ। ਵਚਨ ਜਿਸ ਤਰ੍ਹਾਂ ਦਾ ਹੈ ਉਸ ਨੂੰ ਉਸੇ ਤਰ੍ਹਾਂ ਲੈਣਾ ਚਾਹੀਦਾ ਹੈ, ਇਸ ਦੀ ਵਿਆਖਿਆ ਨਹੀਂ ਕੀਤੀ ਜਾਣੀ ਚਾਹੀਦੀ ਜਾਂ ਇਸ ਲਈ ਇਹ ਕਿਹਾ ਗਿਆ ਹੈ। ਅਜਿਹੀ ਦਲੀਲ ਦੇਣਾ ਪਤਰਸ ਦੀ ਗੱਲ ਨੂੰ ਪੂਰੀ ਤਰ੍ਹਾਂ ਨਹੀਂ ਸਮਝਣਾ ਹੈ। ਜਦੋਂ ਸ਼ਬਦ ਦਰਮਿਆਨੇ ਹੁੰਦੇ ਹਨ, ਭਾਵੇਂ ਇਹ ਵਚਨ ਜਾਂ ਆਮ ਗੱਲਬਾਤ ਦੇ ਹੋਣ, ਉਹ ਜਿਸ ਨੂੰ ਜ਼ਰੂਰਤ ਦੇ ਸ਼ਬਦ ਮਿਲ ਰਹੇ ਹਨ ਉਸ ਨੂੰ ਉਨ੍ਹਾਂ ਦਾ ਅਰਥ ਕੱਢਣਾ ਚਾਹੀਦਾ ਹੈ। ਕੋਈ ਵੀ ਬਾਈਬਲ ਦੇ ਸ਼ਬਦਾਂ ਨੂੰ ਉਨ੍ਹਾਂ ਦਾ ਅਰਥ ਕੀਤੇ ਬਿਨਾਂ ਐਵੇਂ ਨਹੀਂ ਗ੍ਰਹਿਣ ਕਰ ਸਕਦਾ। [12]ਜੌਨ ਸਟੌਟ, *ਦ ਕੰਟੈਮਪਰੇਰੀ ਕ੍ਰਿਸਚਨ* (ਲਿਸੈਸਟਰ, ਯੂ.ਕੇ: ਇੰਟਰ-ਵਰਸਿਟੀ ਪ੍ਰੈਸ, 1992), 178–79.